Sunday Samaj Weekly

Vol :15 : # 632: 23/11/2025 - 29/11/2025 www.samajweekly.com samajweekly @samajweekly

Punjabi, Hindi & English Newspaper- Uk&Eu Edition

ਹੁਣ ਪੰਜਾਬ ਦੀ ਰਾਜਧਾਨੀ 'ਤੇ ਅੱਖ: ਪੰਜਾਬ ਦੇ ਹੱਕਾਂ 'ਤੇ ਇਕ ਹੋਰ ਡਾਕੇ ਦੀ ਤਿਆਰੀ

ਸਭ ਸਾਡਾ ਚੰਡੀ

ਚੰਡੀਗੜ੍ਹ। ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਇਕ ਹੋਰ ਕਥਿਤ ਤਿਆਰੀ ਕਰ ਲਈ ਹੈ। ਕੇਂਦਰ ਸਰਕਾਰ ਵੱਲੋਂ ਸੰਸਦ ਦੇ ਆਉਂਦੇ ਸਰਤ ਰੁੱਤ ਇਜਲਾਸ ਲਈ ਅਜਿਹਾ ਬਿੱਲ ਸੂਚੀਬੱਧ ਕੀਤਾ ਗਿਆ ਹੈ ਜਿਸ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਉਪ ਰਾਜਪਾਲ (ਲੈਫਟੀਨੈਂਟ ਗਵਰਨਰ) ਲਗਾਇਆ ਜਾ ਸਕੇਗਾ। ਇਸ ਨਾਲ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਨਿਯੁਕਤ ਕਰਨ ਦੀ 41 ਸਾਲ ਪੁਰਾਣੀ ਰਵਾਇਤ ਖ਼ਤਮ ਹੋ ਸਕਦੀ ਹੈ। ਸੰਵਿਧਾਨ (131ਵੀਂ ਸੋਧ) ਬਿੱਲ ਸੂਚੀਬੱਧ ਕੀਤਾ ਗਿਆ ਹੈ, ਜਿਸ ਵਿੱਚ ਚੰਡੀਗੜ੍ਹ ਨੂੰ ਧਾਰਾ 240 ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਮਿਲਦੇ ਹੀ ਪੰਜਾਬ ਵਿੱਚ ਸਿਆਸਤ ਭਖ ਗਈ ਹੈ। ਆਗੂਆਂ ਨੇ ਕਿਹਾ ਕਿ ਇਹ ਕੇਂਦਰ ਸਰਕਾਰ ਵੱਲੋਂ ਅਸਿੱਧੇ ਢੰਗ ਨਾਲ ਪੰਜਾਬ ਤੋਂ ਚੰਡੀਗੜ੍ਹ ਦਾ ਹੱਕ ਖੋਹਣ ਦੀ ਸਾਜ਼ਿਸ਼ ਹੈ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ 1 ਤੋਂ 19 ਦਸੰਬਰ ਤੱਕ ਚੱਲਣ ਵਾਲੇ ਸੰਸਦ ਦੇ ਸਰਦ ਰੁੱਤ ਇਜਲਾਸ ਵਿੱਚ ਸੰਵਿਧਾਨ (131ਵੀਂ ਸੋਧ) ਬਿੱਲ ਪੇਸ਼ ਕਰਨ ਦੀ ਤਿਆਰੀ ਕੀਤੀ ਹੈ। ਵਿਧਾਨ ਸਭਾ ਨਾ ਹੋਣ ਕਾਰਨ ਚੰਡੀਗੜ੍ਹ ਨੂੰ ਸੰਵਿਧਾਨ ਦੀ ਧਾਰਾ 240 ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਸ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀ) ਦੀ ਦੇਖ-ਰੇਖ ਹੋਰ ਯੂਟੀਜ਼ ਵਾਂਗ ਸਿੱਧੇ ਰਾਸ਼ਟਰਪਤੀ ਦੇ ਅਧੀਨ ਆ ਜਾਵੇਗੀ। ਇਸ ਤੋਂ ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ ਅੰਡੇਮਾਨ ਤੇ ਨਿਕੋਬਾਰ ਟਾਪੂ, ਲਕਸ਼ਦੀਪ, ਦਾਦਰਾ ਤੇ ਨਗਰ ਹਵੇਲੀ, ਦਮਨ ਤੇ ਦੀਉ ਅਤੇ ਪੁੱਡੂਚੇਰੀ ਵਿੱਚ ਵਿਧਾਨ ਸਭਾ ਨਾ ਹੋਣ ਕਰਕੇ ਉੱਥੇ ਉਪ ਰਾਜਪਾਲ ਲਗਾਏ ਹੋਏ ਹਨ। ਹਾਲਾਂਕਿ ਮੌਜੂਦਾ ਸਮੇਂ 'ਚ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਦੇ ਰਾਜਪਾਲ ਅਧੀਨ ਆਉਂਦਾ ਹੈ ਅਤੇ ਉਹ ਪ੍ਰਸ਼ਾਸਕ ਵਜੋਂ ਇਸ ਦੀ ਦੇਖ-ਰੇਖ ਕਰਦੇ ਹਨ। ਦੋਵੇਂ ਸੂਬਿਆਂ ਦੀ ਰਾਜਧਾਨੀ ਹੋਣ ਕਾਰਨ ਚੰਡੀਗੜ੍ਹ ਵਿੱਚ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਪੰਜਾਬ ਅਤੇ ਹਰਿਆਣਾ ਵਿੱਚੋਂ 60:40 ਅਨੁਪਾਤ ਅਨੁਸਾਰ ਲਗਾਏ ਜਾਂਦੇ ਹਨ। ਇਸ ਨਿਯਮ ਤਹਿਤ ਚੰਡੀਗੜ੍ਹ ਦਾ ਵਿੱਤ ਸਕੱਤਰ ਪੰਜਾਬ ਅਤੇ ਗ੍ਰਹਿ ਸਕੱਤਰ ਹਰਿਆਣਾ ਤੋਂ ਲਗਾਇਆ ਜਾਂਦਾ ਹੈ, ਜਦੋਂ ਕਿ ਐੱਸ ਐੱਸ ਪੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਹਰਿਆਣਾ ਕਾਡਰ ਦਾ ਹੁੰਦਾ ਹੈ। ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਅਤੇ ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਤੋਂ ਪੰਜਾਬ ਦੇ ਅਧਿਕਾਰਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾਵੇਗਾ। ਦੋਵੇਂ ਸੰਸਦ ਮੈਂਬਰਾਂ ਨੇ ਕਿਹਾ ਕਿ ਚੰਡੀਗੜ੍ਹ, ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ ਅਤੇ ਉਸ ਉਪਰ ਪੰਜਾਬ ਦਾ ਹੱਕ ਹੈ ਜੋ ਬਰਕਰਾਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪਹਿਲਾਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਕੇ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕੀਤੀ ਅਤੇ ਹੁਣ ਚੰਡੀਗੜ੍ਹ 'ਤੇ ਕਬਜ਼ੇ ਦੀ ਤਿਆਰ ਹੈ।

ਪੁਲੀਸ ਮੁਕਾਬਲੇ ਦੌਰਾਨ ਗੈਂਗਸਟਰ ਸ਼ਿਵਦੱਤ ਰਾਏ ਜ਼ਖਮੀ, ਹਥਿਆਰਾਂ ਦਾ ਜ਼ਖੀਰਾ ਬਰਾਮਦ

ਬੇਗੂਸਰਾਏ, ।ਬਿਹਾਰ ਦੇ ਸਾਹਿਬਪੁਰ ਕਮਲ ਥਾਣਾ ਖੇਤਰ ਦੇ ਸ਼ਾਲੀਗ੍ਰਾਮੀ ਪਿੰਡ ਵਿੱਚ ਪੁਲੀਸ ਅਤੇ ਅਪਰਾਧੀਆਂ ਵਿਚਕਾਰ ਭਿਆਨਕ ਮੁਕਾਬਲਾ ਹੋਇਆ। ਪੁਲੀਸ ਦੀ ਜਵਾਬੀ ਕਾਰਵਾਈ ਵਿੱਚ, ਇੱਕ ਅਪਰਾਧੀ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ, ਜਦੋਂ ਕਿ ਉਸਦੇ ਹੋਰ ਸਾਥੀ ਭੱਜ ਗਏ। ਜ਼ਖਮੀ ਅਪਰਾਧੀ ਦੀ ਪਛਾਣ ਸ਼ਿਵਵਰਤ ਰਾਏ ਵਜੋਂ ਹੋਈ ਹੈ, ਜੋ ਕਿ ਤੇਘਰਾ ਥਾਣਾ ਖੇਤਰ ਦੇ ਬਨਹਾਰਾ ਦਾ ਰਹਿਣ ਵਾਲਾ ਹੈ।

ਐਸਟੀਐਫ ਨੂੰ ਸੂਚਨਾ ਮਿਲੀ ਸੀ ਕਿ ਫਰਾਰ ਅਪਰਾਧੀ ਸ਼ਿਵਦੱਤ ਰਾਏ ਹਥਿਆਰ ਖਰੀਦਣ ਲਈ ਸਾਹਿਬਪੁਰ ਕਮਲ ਥਾਣਾ ਖੇਤਰ ਦੇ ਮੱਲ੍ਹੀਪੁਰ ਇਲਾਕੇ ਵਿੱਚ ਪਹੁੰਚਿਆ ਹੈ। ਸੂਚਨਾ ਮਿਲਣ ਤੇ ਐਸਟੀਐਫ ਟੀਮ ਮੌਕੇ ਤੇ ਪਹੁੰਚੀ ਅਤੇ ਸਥਾਨਕ ਪੁਲੀਸ ਸਟੇਸ਼ਨ ਨੂੰ ਵੀ ਸੂਚਿਤ ਕੀਤਾ। ਜਦੋਂ ਸਾਂਝੀ ਪੁਲੀਸ ਟੀਮ ਉਕਤ ਜਗ੍ਹਾ ਤੇ ਪਹੁੰਚੀ ਤਾਂ ਦੋ ਬਾਈਕਾਂ ਤੇ ਸਵਾਰ ਛੇ ਅਪਰਾਧੀਆਂ ਨੇ ਪੁਲੀਸ ਨੂੰ ਦੇਖਦੇ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ।ਬੇਗੂਸਰਾਏ, 22 ਨਵੰਬਰ (ਸ.ਬ.) ਬਿਹਾਰ ਦੇ ਸਾਹਿਬਪੁਰ ਕਮਲ ਥਾਣਾ ਖੇਤਰ ਦੇ ਸ਼ਾਲੀਗ੍ਰਾਮੀ ਪਿੰਡ ਵਿੱਚ ਪੁਲੀਸ ਅਤੇ ਅਪਰਾਧੀਆਂ ਵਿਚਕਾਰ ਭਿਆਨਕ ਮੁਕਾਬਲਾ ਹੋਇਆ। ਪੁਲੀਸ ਦੀ ਜਵਾਬੀ ਕਾਰਵਾਈ ਵਿੱਚ, ਇੱਕ ਅਪਰਾਧੀ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ, ਜਦੋਂ ਕਿ ਉਸਦੇ ਹੋਰ ਸਾਥੀ ਭੱਜ ਗਏ। ਜ਼ਖਮੀ ਅਪਰਾਧੀ ਦੀ ਪਛਾਣ ਸ਼ਿਵਵਰਤ ਰਾਏ ਵਜੋਂ ਹੋਈ ਹੈ, ਜੋ ਕਿ ਤੇਘਰਾ ਥਾਣਾ ਖੇਤਰ ਦੇ ਬਨਹਾਰਾ ਦਾ ਰਹਿਣ ਵਾਲਾ ਹੈ।

ਐਸਟੀਐਫ ਨੂੰ ਸੂਚਨਾ ਮਿਲੀ ਸੀ ਕਿ ਫਰਾਰ ਅਪਰਾਧੀ ਸ਼ਿਵਦੱਤ ਰਾਏ ਹਥਿਆਰ ਖਰੀਦਣ ਲਈ ਸਾਹਿਬਪੁਰ ਕਮਲ ਥਾਣਾ ਖੇਤਰ ਦੇ ਮੱਲ੍ਹੀਪੁਰ ਇਲਾਕੇ ਵਿੱਚ ਪਹੁੰਚਿਆ ਹੈ। ਸੂਚਨਾ ਮਿਲਣ ਤੇ ਐਸਟੀਐਫ ਟੀਮ ਮੌਕੇ ਤੇ ਪਹੁੰਚੀ ਅਤੇ ਸਥਾਨਕ ਪੁਲੀਸ ਸਟੇਸ਼ਨ ਨੂੰ ਵੀ ਸੂਚਿਤ ਕੀਤਾ। ਜਦੋਂ ਸਾਂਝੀ ਪੁਲੀਸ ਟੀਮ ਉਕਤ ਜਗ੍ਹਾ ਤੇ ਪਹੁੰਚੀ ਤਾਂ ਦੋ ਬਾਈਕਾਂ ਤੇ ਸਵਾਰ ਛੇ ਅਪਰਾਧੀਆਂ ਨੇ ਪੁਲੀਸ ਨੂੰ ਦੇਖਦੇ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ।

ਮਹਾਰਾਸ਼ਟਰ ਵਿਚ ਇਕ ਕਾਰ ਨੇ 4-5 ਵਾਹਨਾਂ ਨੂੰ ਮਾਰੀ ਟੱਕਰ, 4 ਦੀ ਮੌਤ, 3 ਜ਼ਖਮੀ

ਮਹਾਰਾਸ਼ਟਰ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਅੰਬਰਨਾਥ ਵਿੱਚ ਸ਼ੁੱਕਰਵਾਰ ਸ਼ਾਮ 6:42 ਵਜੇ ਕਾਰ ਚਲਾ ਰਹੇ ਇੱਕ ਵਿਅਕਤੀ ਨੂੰ ਦਿਲ ਦਾ ਦੌਰਾ ਪੈ ਗਿਆ ਜਿਸ ਕਾਰਨ ਕਾਰ ਕੰਟਰੋਲ ਤੋਂ ਬਾਹਰ ਹੋ ਗਈ, ਸਾਹਮਣੇ ਤੋਂ ਆ ਰਹੀਆਂ ਗੱਡੀਆਂ ਨਾਲ ਟਕਰਾ ਗਈ ਅਤੇ ਪਲਟ ਗਈ। ਸ਼ਹਿਰ ਦੇ ਇੱਕ ਫਲਾਈਓਵਰ 'ਤੇ ਹੋਏ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖ਼ਮੀ ਹੋ ਗਏ। ਇਹ ਸਾਰੀ ਘਟਨਾ ਫਲਾਈਓਵਰ ਦੇ ਨੇੜੇ ਇੱਕ ਇਮਾਰਤ 'ਤੇ ਲੱਗੇ ਸੀਸੀਟੀਵੀ ਵਿੱਚ ਰਿਕਾਰਡ ਹੋ ਗਈ। ਵੀਡੀਓ ਵਿੱਚ ਫਲਾਈਓਵਰ 'ਤੇ ਜ਼ਿਆਦਾ ਆਵਾਜਾਈ ਦਿਲ ਰਹੀ ਹੈ। ਉਦੋਂ ਹੀ ਸ਼ਾਮ 6:42 ਵਜੇ, ਇੱਕ ਤੇਜ਼ ਰਫ਼ਤਾਰ ਕਾਰ ਚਾਰ ਤੋਂ ਪੰਜ ਵਾਹਨਾਂ ਨਾਲ ਟਕਰਾ ਜਾਂਦੀ ਹੈ, ਜਿਨ੍ਹਾਂ ਵਿੱਚ ਦੋ ਦੋਪਹੀਆ ਵਾਹਨ ਵੀ ਸ਼ਾਮਲ ਸਨ। ਵਾਹਨਾਂ ਨਾਲ ਟਕਰਾਉਣ ਤੋਂ ਬਾਅਦ ਕਾਰ ਪਲਟ ਗਈ। ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ ਕਿ ਜਦੋਂ ਕਾਰ

ਬਾਈਕ ਨਾਲ ਟਕਰਾਉਂਦੀ ਤਾਂ ਟੱਕਰ ਕਾਰਨ ਬਾਈਕ ਸਵਾਰ ਇਕ ਵਿਅਕਤੀ ਹਵਾ ਵਿੱਚ ਕਈ ਫੁੱਟ ਉਛਲ ਕੇ ਫਲਾਈਓਵਰ ਦੇ ਦੂਜੇ ਪਾਸੇ ਡਿੱਗ ਪੈਂਦਾ ਹੈ। ਹਾਦਸੇ ਤੋਂ ਬਾਅਦ ਫਲਾਈਓਵਰ ਅਤੇ ਸੜਕ ਦੋਵਾਂ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ। ਤਿੰਨ ਹੋਰ ਜ਼ਖ਼ਮੀ ਹੋ ਗਏ ਹਨ ਅਤੇ ਹਸਪਤਾਲ ਵਿਚ ਇਲਾਜ ਅਧੀਨ ਹਨ। ਉਨ੍ਹਾਂ ਦੀ ਹਾਲਤ ਵੀ ਗੰਭੀਰ ਦੱਸੀ ਜਾ ਰਹੀ ਹੈ।

ਪੰਜਾਬ-ਚੰਡੀਗੜ੍ਹ ਵਿਚ ਹੁਣ ਰਾਤਾਂ ਹੋਣਗੀਆਂ ਹੋਰ ਠੰਢੀਆਂ, 3 ਡਿਗਰੀ ਤੱਕ ਘਟੇਗਾ ਤਾਪਮਾਨ

ਚੰਡੀਗੜ੍ਹ। ਪੰਜਾਬ ਅਤੇ ਚੰਡੀਗੜ੍ਹ ਵਿੱਚ ਹੁਣ ਰਾਤਾਂ ਹੋਰ ਠੰਢੀਆਂ ਹੋਣਗੀਆਂ। ਅਗਲੇ ਚਾਰ ਦਿਨਾਂ ਵਿੱਚ ਘੱਟੋ-ਘੱਟ ਤਾਪਮਾਨ ਹੌਲੀ-ਹੌਲੀ 2 ਤੋਂ 3 ਡਿਗਰੀ ਘੱਟ ਜਾਵੇਗਾ। ਮੌਸਮ ਵਿਭਾਗ ਅਨੁਸਾਰ ਕੁਝ ਇਲਾਕਿਆਂ ਵਿੱਚ ਹਲਕੀ ਧੁੰਦ ਵੀ ਪੈਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ, ਅਗਲੇ ਹਫ਼ਤੇ ਤੱਕ ਕੋਈ ਮੀਂਹ ਦੀ ਚੇਤਾਵਨੀ ਨਹੀਂ ਹੈ। ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਪਿਛਲੇ 24 ਘੰਟਿਆਂ ਵਿੱਚ ਰਾਜ ਦਾ ਔਸਤ ਵੱਧ ਤੋਂ ਵੱਧ ਤਾਪਮਾਨ 1.1 ਡਿਗਰੀ ਘੱਟ ਗਿਆ ਹੈ, ਜਿਸ ਨਾਲ ਇਹ ਆਮ ਦੇ ਨੇੜੇ ਆ ਗਿਆ ਹੈ। ਬਠਿੰਡਾ ਵਿਚ ਸਭ ਤੋਂ ਵੱਧ ਤਾਪਮਾਨ 27.9 ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, 27 ਨਵੰਬਰ ਤੱਕ ਮੀਂਹ ਪੈਣ ਦੀ ਕੋਈ ਭਵਿੱਖਬਾਣੀ ਨਹੀਂ ਹੈ। ਸੂਬੇ ਦੇ ਉੱਤਰੀ ਅਤੇ ਪੂਰਬੀ ਜ਼ਿਲ੍ਹਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 22-24°ਛ ਅਤੇ ਬਾਕੀ ਰਾਜ ਵਿੱਚ 24-26°ਛ ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਇਸ ਹਫ਼ਤੇ, ਸੂਬੇ ਵਿਚ ਦਿਨ ਦਾ ਤਾਪਮਾਨ ਜ਼ਿਆਦਾਤਰ ਆਮ ਜਾਂ ਥੋੜ੍ਹਾ ਘੱਟ ਰਹੇਗਾ। ਇਸ ਸਮੇਂ

ਦੌਰਾਨ, ਸੂਬੇ ਦੇ ਉੱਤਰ-ਪੱਛਮੀ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਸ਼ਾਮਲ ਹਨ, ਵਿੱਚ ਰਾਤ ਦਾ ਤਾਪਮਾਨ 4 ਤੋਂ 6 ਡਿਗਰੀ ਸੈਲਸੀਅਸ ਰਹੇਗਾ। ਬਾਕੀ ਜ਼ਿਲ੍ਹਿਆਂ ਵਿੱਚ, ਤਾਪਮਾਨ 6 ਤੋਂ 8 ਡਿਗਰੀ ਸੈਲਸੀਅਸ ਰਹੇਗਾ। ਜ਼ਿਆਦਾਤਰ ਖੇਤਰਾਂ ਵਿੱਚ ਤਾਪਮਾਨ ਆਮ ਨਾਲੋਂ ਘੱਟ ਰਹੇਗਾ। ਜਦੋਂ ਕਿ ਕੁਝ ਕੇਂਦਰੀ ਅਤੇ ਪੂਰਬੀ ਖੇਤਰਾਂ ਵਿੱਚ ਤਾਪਮਾਨ ਆਮ ਦੇ ਨੇੜੇ ਰਹੇਗਾ, ਦਿੱਲੀ-ਅੰਬਾਲਾ ਅਤੇ ਅੰਬਾਲਾ-ਅੰਮ੍ਰਿਤਸਰ ਹਾਈਵੇਅ 'ਤੇ ਅਸਮਾਨ ਸਾਫ਼ ਰਹੇਗਾ। ਪੰਜਾਬ ਵਿੱਚ ਪਰਾਲੀ ਸਾੜਨ ਦੇ ਪ੍ਰਭਾਵ ਚੰਡੀਗੜ੍ਹ ਵਿੱਚ ਵੀ ਦਿਖਾਈ ਦੇ ਰਹੇ ਹਨ। ਸਵੇਰੇ 7 ਵਜੇ, ਸੈਕਟਰ 22, 25 ਅਤੇ 53 ਵਿੱਚ ਅਥੀ 174, 163 ਅਤੇ 157 ਦਰਜ ਕੀਤਾ ਗਿਆ। ਅੰਮ੍ਰਿਤਸਰ ਵਿੱਚ ਅਥੀ 190, ਜਲੰਧਰ ਵਿੱਚ 126, ਖੰਨਾ ਵਿੱਚ 124, ਲੁਧਿਆਣਾ ਵਿੱਚ 147, ਮੰਡੀ ਗੋਬਿੰਦਗੜ੍ਹ ਵਿੱਚ 186 ਅਤੇ ਪਟਿਆਲਾ ਵਿੱਚ 162 ਦਰਜ ਕੀਤਾ ਗਿਆ। ਵਿਭਾਗ ਨੇ ਬਠਿੰਡਾ ਅਤੇ ਰੂਪਨਗਰ ਲਈ ਰਿਕਾਰਡ ਮੁਹੱਈਆ ਨਹੀਂ ਕਰਵਾਏ।

ਦਵਾਈ ਲੈਣ ਜਾ ਰਹੇ ਚਾਚੀ-ਭਤੀਜੇ ਦੀ ਹਾਦਸੇ ਵਿਚ ਮੌਤ

ਗੁਰੂ ਕਾ ਬਾਗ਼ (ਬਹੋੜੂ) : ਅਜਨਾਲਾ ਨੇੜ ਬੀਤੀ ਦਿਨ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ, ਪਿੰਡ ਮਹਿਲਾਂਵਾਲਾ ਦਾ 20 ਸਾਲਾ ਨੌਜਵਾਨ ਲਵਪ੍ਰੀਤ ਸਿੰਘ ਲੱਭੂ ਪੁੱਤਰ ਗੁਰਦੇਵ ਸਿੰਘ ਅਪਣੀ ਗੁਆਂਢਣ ਲਖਵਿੰਦਰ ਕੌਰ ਪਤਨੀ ਸਰਵਣ ਸਿੰਘ (ਉਮਰ ਲਗਭਗ 45 ਸਾਲ) ਦੇ ਨਾਲ ਮੋਟਰਸਾਈਕਲ 'ਤੇ ਦਵਾਈ ਲੈਣ ਲਈ ਅਜਨਾਲਾ ਜਾ ਰਿਹਾ ਸੀ। ਜਦੋਂ ਉਹ ਕਿਆਂਮਪੁਰ ਤੋਂ ਮਹਿਲਬੁਖਾਰੀ ਜਾਣ ਵਾਲੇ ਰੋਡ 'ਤੇ ਪੁੱਜੇ ਤਾਂ ਕਿਸੇ ਅਣਪਛਾਤੇ ਵਾਹਨ ਨੇ ਤੇਜ਼ ਰਫ਼ਤਾਰ ਵਿਚ ਟੱਕਰ ਮਾਰ ਦਿਤੀ। ਟੱਕਰ ਇੰਨੀ ਭਿਆਨਕ ਸੀ ਕਿ ਮੋਟਰਸਾਈਕਲ ਸਵਾਰ ਦੋਵੇਂ ਜਾਣਿਆਂ ਨੂੰ ਕਾਫੀ ਦੂਰ ਤਕ ਵਾਹਨ ਘੜੀਸਦਾ ਲੈ ਗਿਆ ਤੇ ਮੌਕੇ 'ਤੇ ਹੀ ਦੋਵਾਂ ਦੀ ਮੌਤ ਹੋ ਗਏ। ਟੱਕਰ ਮਾਰਨ ਵਾਲਾ ਵਾਹਨ ਚਾਲਕ ਮੌਕੇ ਤੋਂ ਫਰਾਰ ਹੋਣ ਵਿਚ ਸਫਲ ਰਿਹਾ। ਦੁਰਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਅਜਨਾਲਾ ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਦੋਵੇਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਪੁਲਸ ਵੱਲੋਂ ਅਣਪਛਾਤੇ ਵਾਹਨ ਤੇ ਚਾਲਕ ਦੀ ਤਲਾਸ਼ ਜਾਰੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਵਿਜੀਲੈਂਸ ਬਿਊਰੋ ਵੱਲੋਂ ਬਟਾਲਾ ਨਗਰ ਨਿਗਮ ਦਾ ਕਮਿਸ਼ਨਰ-ਕਮ- ਐਸ. ਡੀ. ਐਮ. 50 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ। ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਨਗਰ ਨਿਗਮ ਬਟਾਲਾ ਦੇ ਕਮਿਸ਼ਨਰ-ਕਮ-ਐਸ ਡੀ ਐਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਨੂੰ ਸ਼ਿਕਾਇਤ ਕਰਤਾ ਤੋਂ 50 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਵੱਲੋਂ ਮੁਲਜ਼ਮ ਦੀ ਜਾਂਚ ਦੌਰਾਨ 13,50,000 ਰੁਪਏ ਦੀ ਹੋਰ ਰਕਮ ਵੀ ਬਰਾਮਦ ਕੀਤੀ ਗਈ, ਜਿਸ ਸਬੰਧੀ ਉਹ ਸਹੀ ਵੇਰਵੇ ਨਹੀਂ ਦੇ ਸਕਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹੈ ਅਤੇ ਉਸਨੇ ਨਗਰ ਨਿਗਮ ਬਟਾਲਾ ਵਿਖੇ ਸੜਕਾਂ ਦਾ ਪੈਚ ਵਰਕ ਅਤੇ ਮੁਰੰਮਤ ਦਾ ਕੰਮ ਕਰਵਾਇਆ ਸੀ, ਜਿਸਦੇ ਦੋ ਬਿੱਲ 1,87,483 ਰੁਪਏ ਅਤੇ 1,85,369 ਰੁਪਏ ਦੇ ਸਨ, ਜਿਨ੍ਹਾਂ ਦੀ ਕੁੱਲ ਰਕਮ 3,72,852 ਰੁਪਏ ਬਣਦੀ ਸੀ। ਇਸ ਸਬੰਧੀ ਉਹ ਨਗਰ ਨਿਗਮ, ਬਟਾਲਾ ਦੇ ਕਮਿਸ਼ਨਰ ਨੂੰ ਮਿਲਿਆ, ਜਿਸਨੇ ਉਸਨੂੰ ਦੱਸਿਆ ਕਿ ਬਿੱਲਾਂ ਦੀ ਉਕਤ ਅਦਾਇਗੀ ਲਈ, ਯਾਨੀ ਇਹਨਾਂ ਬਿੱਲਾਂ ਨੂੰ ਕਲੀਅਰ ਕਰਵਾਉਣ ਲਈ 10 ਫੀਸਦੀ ਕਮਿਸ਼ਨ ਵਜੋਂ 37000 ਰੁਪਏ ਰਿਸ਼ਵਤ ਦੇਣੀ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਬਟਾਲਾ ਵਿੱਚ ਇੱਕ ਲਾਈਟ ਐਂਡ ਸਾਊਂਡ ਸ਼ੋਅ ਲਈ ਕੈਮਰਾ ਅਤੇ ਹੋਰ ਸਬੰਧਤ ਕੰਮ ਵੀ ਕੀਤਾ ਸੀ, ਜਿਸ ਲਈ 1,81,543 ਰੁਪਏ ਦੀ ਰਕਮ ਵੀ ਬਕਾਇਆ ਸੀ। ਇਸ ਤਰ੍ਹਾਂ ਕੁੱਲ ਰਕਮ ਲਗਭਗ 5,54,395 ਰੁਪਏ ਦੀ ਅਦਾਇਗੀ ਬਕਾਇਆ ਸੀ। ਇਨ੍ਹਾਂ ਬਿੱਲਾਂ ਦੀ ਅਦਾਇਗੀ ਸਬੰਧੀ ਉਹ ਐਸ ਡੀ ਓ ਰੋਹਿਤ ਉੱਪਲ ਨੂੰ ਮਿਲਿਆ ਜਿਸ ਨੇ ਕਿਹਾ ਕਿ ਉਸਨੂੰ ਕਮਿਸ਼ਨਰ ਦੇ ਹੁਕਮਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਸ਼ਿਕਾਇਤਕਰਤਾ ਨੂੰ ਬਣਦੀ ਰਕਮ ਜਾਰੀ ਕਰਨ ਲਈ 9 ਫੀਸਦੀ ਕਮਿਸ਼ਨ ਰਿਸ਼ਵਤ ਵਜੋਂ ਦੇਣਾ ਪਵੇਗਾ। ਪਰ ਸ਼ਿਕਾਇਤਕਰਤਾ ਰਿਸ਼ਵਤ ਦੇ ਕੇ ਆਪਣਾ ਕੰਮ ਨਹੀਂ ਕਰਵਾਉਣਾ ਚਾਹੁੰਦਾ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੀ ਜਾਣਕਾਰੀ ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਨੇ ਵਿਜੀਲੈਂਸ ਬਿਊਰੋ ਯੂਨਿਟ ਗੁਰਦਾਸਪੁਰ ਵਿਖੇ ਸ਼ਿਕਾਇਤਕਰਤਾ ਦਾ ਬਿਆਨ ਦਰਜ ਕੀਤਾ। ਦੋਸ਼ਾਂ ਦੀ ਪੁਸ਼ਟੀ ਕਰਨ ਤੋਂ ਬਾਅਦ, ਵਿਜੀਲੈਂਸ ਬਿਊਰੋ ਨੇ ਜਾਲ ਵਿਛਾ ਕੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਵਿਕਰਮਜੀਤ ਸਿੰਘ ਪਾਂਥੇ ਨੂੰ ਸ਼ਿਕਾਇਤਕਰਤਾ ਤੋਂ 50 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਥਾਣਾ ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਟਰੱਕ ਅਤੇ ਬੁਲੇਟ ਦੀ ਟੱਕਰ ਦੌਰਾਨ 3 ਦੋਸਤਾਂ ਦੀ ਮੌਤ

ਅਮੇਠੀ। ਉੱਤਰ ਪ੍ਰਦੇਸ਼ ਦੇ ਅਮੇਠੀ ਜ਼ਿਲ੍ਹੇ ਦੇ ਕੋਤਵਾਲੀ ਖੇਤਰ ਦੇ ਥੌਚਾ ਪਿੰਡ ਨੇੜੇ ਇੱਕ ਤੇਜ਼ ਰਫ਼ਤਾਰ ਟਰੱਕ ਦੀ ਬੁਲੇਟ ਬਾਈਕ ਨਾਲ ਆਹਮੋ-ਸਾਹ-ਮਣੇ ਟੱਕਰ ਹੋ ਗਈ। ਬੁਲੇਟ ਬਾਈਕ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬਾਈਕ ਚਕਨਾਚੂਰ ਹੋ ਗਈ ਅਤੇ ਦੋ ਨੌਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਰਾਹਗੀਰਾਂ ਅਤੇ ਪੁਲੀਸ ਨੇ ਤੀਜੇ ਨੌਜਵਾਨ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ, ਜਿੱਥੇ ਉਹ ਵੀ ਜ਼ਖਮੀਆਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। ਮਹਾਰਾਜਪੁਰ ਦੇ ਰਹਿਣ ਵਾਲੇ ਸ਼ੇਰਾ ਲਾਲ ਕੋਰੀ ਦੇ ਘਰ ਤੋਂ ਵਿਆਹ ਦੀ ਜਲੂਸ ਬੀਤੀ ਦੇਰ ਰਾਤ ਪੀਪਰਪੁਰ ਥਾਣਾ ਖੇਤਰ ਦੇ ਹਰੀਪੁਰ ਪਿੰਡ ਜਾ ਰਹੀ ਸੀ। ਟਿੰਕੂ ਸਿੰਘ, ਬਜਰੰਗ ਸਿੰਘ, ਅਤੇ ਬ੍ਰਿਜੇਸ਼ ਸਿੰਘ, ਮਹਾਰਾਜਪੁਰ ਦੇ ਰਹਿਣ ਵਾਲੇ, ਵਿਆਹ ਵਿੱਚ ਸ਼ਾਮਲ ਹੋਣ ਲਈ ਹਰੀਪੁਰ ਪਿੰਡ ਗਏ ਸਨ। ਤਿੰਨੇ ਨੌਜਵਾਨ ਆਪਣੀ ਬੁਲੇਟ ਬਾਈਕ ਤੇ ਘਰ ਵਾਪਸ ਆ ਰਹੇ ਸਨ ਜਦੋਂ ਉਹ ਥੌਚਾ ਪਿੰਡ ਪਹੁੰਚੇ ਤਾਂ ਇੱਕ ਤੇਜ਼ ਰਫ਼ਤਾਰ ਡੀਸੀਐਮ ਨੇ ਉਨ੍ਹਾਂ ਨੂੰ ਉਲਟ ਦਿਸ਼ਾ ਤੋਂ ਟੱਕਰ ਮਾਰ ਦਿੱਤੀ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਲੋਕ ਮੌਕੇ ਤੇ ਪਹੁੰਚੇ ਅਤੇ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਅਮੇਠੀ ਕੋਤਵਾਲੀ ਪੁਲੀਸ ਮੌਕੇ ਤੇ ਪਹੁੰਚੀ ਅਤੇ ਦੋ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਇੱਕ ਤੀਜੇ ਨੌਜਵਾਨ, ਜੋ ਗੰਭੀਰ ਜ਼ਖਮੀ ਸੀ, ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਉਸ ਦੀ ਵੀ ਮੌਤ ਹੋ ਗਈ। ਪੁਲੀਸ ਨੇ ਹਾਦਸੇ ਵਿੱਚ ਸ਼ਾਮਲ ਵਾਹਨ ਨੂੰ ਜ਼ਬਤ ਕਰ ਲਿਆ ਹੈ ਅਤੇ ਜ਼ਰੂਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

ਰੇਲ ਕੋਚ ਫੈਕਟਰੀ ਨੇ ਬੰਗਲਾਦੇਸ਼ ਰੇਲਵੇ ਨੂੰ ਨਿਰਯਾਤ ਲਈ ਕੋਚਾਂ ਦਾ ਉਤਪਾਦਨ ਸ਼ੁਰੂ ਕੀਤਾ

ਕਪੂਰਥਲਾ, ਰੇਲ ਕੋਚ ਫੈਕਟਰੀ, ਕਪੂਰਥਲਾ ਨੇ ਅੱਜ ਤੋਂ ਬੰਗਲਾਦੇਸ਼ ਰੇਲਵੇ ਨੂੰ ਨਿਰਯਾਤ ਲਈ ਕੋਚਾਂ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ, ਜੋ ਕਿ ਆਰ ਸੀ ਐਫ ਦੇ ਕੋਚ ਨਿਰਮਾਣ ਵਿੱਚ ਇੱਕ ਹੋਰ ਮੀਲ ਪੱਥਰ ਹੈ। ਇਹ ਪਹਿਲ 200 ਕੋਚਾਂ ਦੇ ਨਿਰਯਾਤ ਆਰਡਰ ਦਾ ਹਿੱਸਾ ਹੈ, ਜਿਸ ਦੇ ਤਹਿਤ ਆਰ ਸੀ ਐਫ ਇਸ ਸਾਲ 20 ਕੋਚਾਂ ਦਾ ਨਿਰਮਾਣ ਕਰੇਗਾ। ਇਸ ਵਿੱਚ 8 ਏਅਰ-ਕੰਡੀਸ਼ਨਡ (ਏਸੀ) ਕੋਚ ਅਤੇ 12 ਨਾਨ-ਏਸੀ ਕੋਚ ਸ਼ਾਮਲ ਹਨ, ਜੋ ਸਾਰੇ ਬੰਗਲਾਦੇਸ਼ ਰੇਲਵੇ ਦੀਆਂ ਸੰਚਾਲਨ ਅਤੇ ਯਾਤਰੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਜਾਣਗੇ ।ਅੱਜ ਪਹਿਲੇ ਕੋਚ ਸ਼ੈੱਲ ਦੇ ਉਤਪਾਦਨ ਦਾ ਰਸਮੀ ਉਦਘਾਟਨ ਸ਼ੈੱਲ ਅਸੈਂਬਲੀ ਸ਼ਾਪ ਦੇ ਸਭ ਤੋਂ ਸੀਨੀਅਰ ਕਰਮਚਾਰੀ ਸ਼੍ਰੀ ਮਨੋਹਰ ਲਾਲ, ਐਸ ਐਸ ਈ/ਸ਼ੈੱਲ ਵਲੋਂ ਕੀਤਾ ਗਿਆ।

ਇਸ ਮੌਕੇ ਸ਼੍ਰੀ ਰਵੀ ਕੁਮਾਰ, ਪੀ ਸੀ ਐਮ ਈ, ਸ਼੍ਰੀ ਸੰਜੇ ਅਗਰਵਾਲ, ਪੀ ਸੀ ਐਮ ਐਮ, ਸ਼੍ਰੀ ਬਲਦੇਵ ਰਾਜ, ਸੀ ਡਬਲਯੂ ਈ/ਸ਼ੈੱਲ ਦੇ ਨਾਲ-ਨਾਲ ਸੀਨੀਅਰ ਅਧਿਕਾਰੀ ਅਤੇ ਭਾਰੀ ਗਿਣਤੀ ਵਿਚ ਕਰਮਚਾਰੀ ਮੌਜੂਦ ਸਨ।ਆਰ ਸੀ ਐਫ ਨੇ ਪਹਿਲਾਂ 2016-17 ਵਿੱਚ ਬੰਗਲਾਦੇਸ਼ ਰੇਲਵੇ ਲਈ 120 ਉੱਚ-ਗੁਣਵੱਤਾ ਵਾਲੇ ਕੋਚ ਤਿਆਰ ਕੀਤੇ ਸਨ, ਜਿਨ੍ਹਾਂ ਦਾ ਨਿਰਮਾਣ ਅਤੇ ਸਪਲਾਈ ਬੰਗਲਾਦੇਸ਼ ਰੇਲਵੇ ਦੀਆਂ ਖਾਸ ਜ਼ਰੂਰਤਾਂ ਅਨੁਸਾਰ ਸਫਲਤਾਪੂਰਵਕ ਕੀਤਾ ਗਿਆ ਸੀ। ਅਤਿ-ਆਧੁਨਿਕ ਬੁਨਿਆਦੀ ਢਾਂਚੇ, ਹੁਨਰਮੰਦ ਮਨੁੱਖੀ ਸ਼ਕਤੀ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦੇ ਨਾਲ, ਰੇਲ ਕੋਚ ਫੈਕਟਰੀ ਅੱਜ ਵਿਸ਼ਵ ਰੇਲ ਬਾਜ਼ਾਰ ਵਿੱਚ ਭਾਰਤ ਦੀ ਵਧਦੀ ਮੌਜੂਦਗੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਦੀ ਅਗਵਾਈ ਹੇਠ ਹਲਕਾ ਬਲਾਚੌਰ ਦੇ ਪਿੰਡਾਂ ਨੂੰ ਤੋੜ ਨਵੇਂ ਜ਼ਿਲ੍ਹੇ ਵਿੱਚ ਸ਼ਾਮਲ ਕਰਨ ਦੇ ਵਿਰੋਧ ਵਿੱਚ ਕੀਤਾ ਗਿਆ ਰੋਸ ਪ੍ਰਦਰਸ਼ਨ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਬਲਾਚੌਰ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਾਂਗੇ ਅਜੇ ਮੰਗੂਪੁਰ ਨੇ ਸੀਫ ਸ਼ਬਦਾਂ ਵਿੱਚ ਦਿੱਤਾ ਜਵਾਬ। ਬੀਤੇ ਕੁੱਝ ਸਮੇਂ ਤੋਂ ਅਖਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਚੱਲ ਰਹੀਆਂ ਖਬਰਾਂ ਤੇ ਚਰਚਾ ਦਾ ਵਿਸ਼ਾ ਬਣੇ ਪੰਜਾਬ ਸਰਕਾਰ ਵੱਲੋਂ ਐਲਾਨੇ ਜਾਣ ਵਾਲੇ ਨਵੇਂ ਜਿਲ੍ਹੇ ਸ਼ੀ ਆਨੰਦਪੁਰ ਸਾਹਿਬ ਵਿੱਚ ਹਲਕਾ ਬਲਾਚੌਰ ਦੇ ਕੁੱਝ ਪਿੰਡਾਂ ਨੂੰ ਜੋੜਨਾ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ। ਜਿਸ ਦੇ ਵਿਰੋਧ ਵਿੱਚ ਬਲਾਚੌਰ ਵਿਖੇ ਸਾਥੀਆਂ ਸਮੇਤ ਰੋਸ ਪ੍ਰਦਰਸ਼ਨ ਕੀਤਾ ਗਿਆ। ਅਜੇ ਮੰਗੂਪੁਰ ਨੇ ਕਿਹਾ ਕਿ ਬਲਾਚੌਰ ਦੋਆਬੇ ਦਾ ਹਿੱਸਾ ਹੈ ਅਤੇ ਆਪ ਸਰਕਾਰ ਧੱਕੇ ਨਾਲ ਬਲਾਚੌਰ ਦੇ ਪਿੰਡਾਂ ਨੂੰ ਪੁਆਂਦ ਵਿੱਚ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੁਆਬੇ ਦੀ ਬੋਲੀ, ਸੱਭਿਅਤਾ ਪੁਆਂਦ ਨਾਲੋ ਵੱਖਰੀ ਹੈ ਅਤੇ ਆਪ ਸਰਕਾਰ ਜਬਰਦਸਤੀ ਸਾਡੀ ਪਛਾਣ ਨੂੰ ਤਬਦੀਲ ਕਰਨ ਤੇ ਤੁਲੀ ਹੋਈ ਹੈ। ਬਲਾਚੌਰ ਦੇ ਜਿਨ੍ਹਾਂ ਪਿੰਡਾਂ ਨੂੰ ਸ਼੍ਰੀ ਆਨੰਦਪੁਰ ਸਾਹਿਬ ਜ਼ਿਲ੍ਹੇ ਵਿੱਚ ਜੋੜਨ ਦੀ ਚਰਚਾ ਚੱਲ ਰਹੀ ਹੈ ਉਨ੍ਹਾਂ ਤੋਂ ਨਵੇਂ ਜਿਲ੍ਹੇ ਤੱਕ ਜਾਣ ਦਾ ਰਸਤਾ ਬਹੁਤ ਖਰਾਬ ਹੈ, ਏਕਾਂਤ ਹੈ ਅਤੇ ਜੰਗਲ ਦਾ ਵਧੇਰੇ ਪੈਂਡਾ ਇਸ ਰਸਤੇ ਵਿੱਚ ਪੈਣ ਕਾਰਨ ਇਹ ਰਾਹ ਆਮ ਲੋਕਾਂ ਲਈ ਕੋਈ ਬਹੁਤਾ ਹਨੇਰੇ-ਸਵੇਰੇ ਦੇ ਵਕਤ ਸੁਰਖਿੱਅਤ ਨਹੀਂ। ਅੱਜ ਸਾਰਾ ਰਿਕਾਰਡ ਸਾਰੀਆਂ ਵਿਕਾਸ ਯੋਜਨਾਵਾਂ ਨਵਾਂਸ਼ਹਿਰ ਨਾਲ ਜੁੜੀਆਂ ਹੋਈਆਂ ਨੇ। ਨਵੇਂ ਜ਼ਿਲ੍ਹੇ ਵਿੱਚ ਕਦੋ ਪ੍ਰਸ਼ਾਸ਼ਨਿਕ ਢਾਂਚਾ ਵਿਕਸਿਤ ਹੋਵੇਗਾ ਕਦੋਂ ਮਾਲ ਵਿਭਾਗ ਦਾ ਰਿਕਾਰਡ ਸ਼ਿਫਟ ਹੋਵੇਗਾ ਉਦੋਂ ਤਕ ਖੱਜਲ ਖ਼ੁਆਰੀ ਵਾਰੇ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਜਿਨ੍ਹਾ ਪਿੰਡਾਂ ਨੂੰ ਨਵੇਂ ਜ਼ਿਲ੍ਹੇ ਵਿੱਚ ਸ਼ਾਮਲ ਕੀਤਾ ਜਾਵੇਗਾ ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਤੋਂ ਮਤੇ ਜ਼ਰੂਰ ਪਵਾਏ ਜਾਣ ਅਤੇ ਪਿੰਡ ਵਾਸੀਆਂ ਦੀ ਸਹਿਮਤੀ ਲਈ ਜਾਵੇ। ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੇ ਹਿਤਾਂ ਲਈ ਖੜਦੀ ਆਈ ਹੈ ਅਤੇ ਇਸ ਵਿਸ਼ੇ ਤੇ ਵੀ ਲੋਕਾਂ ਖਾਤਰ ਉਨ੍ਹਾਂ ਨੂੰ ਜੋ ਵੀ ਕਰਨਾ ਪਿਆ ਚਾਹੇ ਉਹ ਸੰਘਰਸ਼ ਦੀ ਰਾਹ ਹੋਵੇ, ਧਰਨੇ ਪ੍ਰਦਰਸ਼ਨ ਹੋਣ ਅਸੀਂ ਸਭ ਕੁੱਝ ਕਰਨ ਲਈ ਤਿਆਰ ਬਰ ਤਿਆਰ ਰਹਿਣਗੇ ਅਤੇ ਬਲਾਚੌਰ ਵਾਸੀਆਂ ਨਾਲ ਧੱਕਾ ਨਹੀ ਹੋਣ ਦਵਾਂਗੇ। ਇਸ ਦੌਰਾਨ ਉਨ੍ਹਾਂ ਪ੍ਰਸ਼ਾਸਨ ਨੂੰ ਮੰਗ ਪੱਤਰ ਵ ਦਿੱਤਾ ਗਿਆ। ਇਸ ਮੌਕੇ ਹਲਕਾ ਬਲਾਚੌਰ ਦੇ ਕਾਂਗਰਸੀ ਆਗੂ., ਅਹੁਦੇਦਾਰ ਕੌਂਸਲਰ ਅਤੇ ਵਰਕਾਰ ਸਾਹਿਬਾਨ ਹਾਜ਼ਰ ਸਨ ।

ਜੀ ਡੀ ਗੋਇਨਕਾ ਸਕੂਲ ਕਪੂਰਥਲਾ ਨੇ ਸਹੋਦਿਆ ਇੰਟਰ ਸਕੂਲ ਵਾਦ-ਵਿਵਾਦ ਮੁਕਾਬਲਾ ਜਿੱਤਿਆ

ਕਪੂਰਥਲਾ, (ਕੌੜਾ)- ਸਕੂਲਾਂ ਵਿੱਚ ਕਰਵਾਏ ਗਏ ਵੱਖ-ਵੱਖ ਮੁਕਾਬਲੇ ਜਿੱਥੇ ਬੱਚਿਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ, ਉੱਥੇ ਉਨ੍ਹਾਂ ਨੂੰ ਆਪਣੇ ਭਵਿੱਖ ਲਈ ਤਿਆਰ ਕਰਦੇ ਹਨ। ਜੀ.ਡੀ.ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੀਆਂ ਦੋ ਵਿਦਿਆਰਥਣਾਂ ਮਨਵੀਨ ਕੌਰ ਅਤੇ ਮਨਵੀਰ ਕੌਰ ਨੇ ਲਿਟਲ ਏਂਜਲ ਕੋਇਡ ਸਕੂਲ ਵਿਖੇ ਹੋਏ ਸਹੋਦਿਆ ਮੁਕਾਬਲੇ ਵਿਚ ਇੰਟਰ ਸਕੂਲ ਪੰਜਾਬੀ ਵਾਦ-ਵਿਵਾਦ ਮੁਕਾਬਲੇ ਵਿੱਚ ਭਾਗ ਲਿਆ, ਜਿਸ ਵਿਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਮਨਵੀਰ ਕੌਰ ਤੀਜੇ ਸਥਾਨ 'ਤੇ ਰਹੀ । ਜ਼ਿਕਰਯੋਗ ਹੈ ਕਿ ਇਸ ਮੁਕਾਬਲੇ ਵਿੱਚ ਕਪੂਰਥਲਾ ਦੇ 13 ਸੀਬੀਐਸਈ ਸਕੂਲਾਂ ਨੇ ਭਾਗ ਲਿਆ। ਜੀ.ਡੀ.ਗੋਇਨਕਾ ਸਕੂਲ ਦੀ ਵਿਦਿਆਰਥਣ ਮਨਵੀਰ ਕੌਰ ਨੇ ਦਿੱਤੇ ਗਏ ਵਿਸ਼ੇ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸ਼ਲਾਘਾਯੋਗ ਪ੍ਰਦਰਸ਼ਨ ਕਰਕੇ ਤੀਜਾ ਸਥਾਨ ਹਾਸਲ ਕੀਤਾ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਜੀ, ਪ੍ਰਿੰਸੀਪਲ ਸ਼੍ਰੀਮਤੀ ਪਰਮਿੰਦਰ ਕੌਰ ਜੀ ਨੇ ਇਸ ਮੌਕੇ ਜੇਤੂ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਸੰਯੁਕਤ ਕਿਸਾਨ ਮੋਰਚੇ 26 ਨਵੰਬਰ ਦੇ ਚੰਡੀਗੜ੍ਹ ਸੂਬਾਈ ਪ੍ਰਦਰਸ਼ਨ ਵਿੱਚ ਕਿਸਾਨ ਸਭਾ ਦੇ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ - ਸਾਥੀ ਭਿੱਖੀਵਿੰਡ/ ਸਾਥੀ ਗਰੇਵਾਲ

ਵੱਖ ਵੱਖ ਜ਼ਿਲ੍ਹਿਆਂ ਵਿੱਚ ਤਿਆਰੀ ਸਬੰਧੀ ਰਿਪੋਰਟਾਂ ਉਤਸ਼ਾਹਜਨਕ

ਰਾਏਕੋਟ (ਗੁਰਭਿੰਦਰ ਗੁਰੀ) - ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਸਾਥੀ ਮੇਜਰ ਸਿੰਘ ਭਿੱਖੀਵਿੰਡ ਅਤੇ ਸੂਬਾਈ ਜਨਰਲ ਸਕੱਤਰ ਸਾਥੀ ਬਲਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਦਿੱਲੀ ਦੀਆਂ ਸਰਹੱਦਾਂ 'ਤੇ ਲੜੇ ਅਤੇ ਜਿੱਤੇ ਇਤਿਹਾਸਕ ਕਿਸਾਨ ਸੰਘਰਸ਼ ਦੀ ਪੰਜਵੀਂ ਵਰੇਗੰਢ ਮੌਕੇ 26 ਨਵੰਬਰ ਨੂੰ ਚੰਡੀਗੜ੍ਹ ਕੀਤੇ ਜਾ ਰਹੇ ਸੂਬਾ ਪੱਧਰੀ ਪ੍ਰਦਰਸ਼ਨ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਵੱਖ ਵੱਖ ਜ਼ਿਲ੍ਹਿਆਂ ਤੋਂ ਇਕੱਤਰ ਉਤਸ਼ਾਹਜਨਕ ਰਿਪੋਰਟਾਂ ਦੇ ਆਧਾਰ 'ਤੇ ਕਿਹਾ ਕਿ ਇਹ ਪ੍ਰਦਰਸ਼ਨ ਪੂਰਾ ਪ੍ਰਭਾਵਸ਼ਾਲੀ ਹੋਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਇਸ ਦੇਸ਼ ਵਿਆਪੀ ਸੱਦੇ ਨੂੰ ਦੇਸ਼ ਦੀਆਂ ਸਾਰੀਆਂ ਪ੍ਰਮੁੱਖ ਟਰੇਡ ਯੂਨੀਅਨਾਂ ਨੇ ਪੂਰਾ ਸਰਗਰਮ ਸਮਰੱਥਨ ਦਿੱਤਾ ਹੋਇਆ ਹੈ।

ਆਗੂਆਂ ਨੇ ਦੱਸਿਆ ਕਿ ਇਸ ਕਿਸਾਨ ਅੰਦੋਲਨ ਦੇ 380, ਦਿਨਾਂ ਦੌਰਾਨ 736 ਕਿਸਾਨਾਂ ਨੇ ਜਾਨਾਂ ਕੁਰਬਾਨ ਵੀ ਕੀਤੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਫੈਸਲਾਕੁੰਨ ਲੰਬੇ ਸੰਘਰਸ਼ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਦੀ ਕੇਂਦਰ ਸਰਕਾਰ ਨੂੰ ਤਿੰਨ ਕਾਰਪੋਰੇਟ-ਪੱਖੀ ਅਤੇ ਲੋਕ-ਵਿਰੋਧੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਸੀ।

ਕਿਸਾਨ ਆਗੂਆਂ ਨੇ ਕਿਹਾ ਕਿ ਭਾਵੇਂ ਪੰਜ ਸਾਲ ਬੀਤਣ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਕਮੇਟੀ ਹੁਣ ਗਠਿਤ ਕੀਤੀ ਹੈ ਪਰ 9 ਦਸੰਬਰ 2021 ਨੂੰ ਸੰਯੁਕਤ ਕਿਸਾਨ ਮੋਰਚਾ ਨੂੰ ਦਿੱਤੇ ਗਏ ਐਮ.ਐਸ.ਪੀ., ਸੀ 2 ਪਲੱਸ 50 ਪ੍ਰਤੀਸ਼ਤ ਤਹਿਤ ਕਰਜ਼ਾ ਰਾਹਤ ਅਤੇ ਬਿਜਲੀ ਦੇ ਨਿੱਜੀਕਰਨ ਬਾਰੇ ਲਿਖਤੀ ਭਰੋਸੇ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਹੈ। ਭਾਰਤ ਦੇ ਕਿਸਾਨ ਲਗਭਗ ਪੂਰੀ ਤਰ੍ਹਾਂ ਤਬਾਹੀ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਝੋਨੇ ਦੀ 1400 ਰੁਪਏ/ਕੁਆਰਟ (2369 ਰੁਪਏ/ਕੁਆਰਟ), ਕਪਾਹ 6000 ਰੁਪਏ/ਕੁਆਰਟ (7761 ਰੁਪਏ/ਕੁਆਰਟ) ਅਤੇ ਮੱਕੀ ਦੀ 1800 ਰੁਪਏ/ਕੁਆਰਟ (2400 ਰੁਪਏ/ਕੁਆਰਟ) ਦੀ ਵਿਕਰੀ ਹੋ ਰਹੀ ਹੈ। (ਕੇਂਦਰੀ ਕੈਬਨਿਟ ਦੁਆਰਾ ਮਨਜ਼ੂਰ ਕੀਤੀ ਗਈ ਕੀਮਤ ਐਮ.ਐਸ.ਪੀ.,ਏ 2 ਪਲੱਸ 2 ਪਲੱਸ ਐਫ.ਐਲ. ਪਲੱਸ 50 ਪ੍ਰਤੀਸ਼ਤ ਦਰ ਹੈ) ਸੀ 2 ਪਲੱਸ 50 ਪ੍ਰਤੀਸ਼ਤ ਦੇ ਅਨੁਸਾਰ ਝੋਨੇ ਦਾ ਐਮ.ਐਸ.ਪੀ. 3012 ਰੁਪਏ/ਕੁਆਰਟ ਹੈ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ 16.41 ਲੱਖ ਕਰੋੜ ਰੁਪਏ ਦਾ ਕਾਰਪੋਰੇਟ ਕਰਜ਼ਾ ਮੁਆਫ਼ ਕੀਤਾ ਹੈ ਪਰ ਕਿਸਾਨਾਂ ਦਾ ਇੱਕ ਰੁਪਿਆ ਦਾ ਕਰਜ਼ਾ ਮੁਆਫ਼ ਨਹੀਂ ਕੀਤਾ।ਸਾਥੀ ਭਿੱਖੀਵਿੰਡ ਅਤੇ ਸਾਥੀ ਗਰੇਵਾਲ ਨੇ ਕਿਹਾ ਕਿ ਇਸ ਪੂਰੇ ਸਮੇਂ ਦੌਰਾਨ ਸੰਯੁਕਤ ਕਿਸਾਨ ਮੋਰਚਾ ਨੇ ਸੁਤੰਤਰ ਤੌਰ 'ਤੇ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ, ਮਜ਼ਦੂਰਾਂ ਅਤੇ ਖੇਤੀਬਾੜੀ ਕਾਮਿਆਂ ਦੀਆਂ ਹੋਰ ਯੂਨੀਅਨਾਂ ਦੇ ਤਾਲਮੇਲ ਨਾਲ ਲਗਾਤਾਰ ਮੁਹਿੰਮਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ। ਇਸੇ ਤਹਿਤ ਸੰਯੁਕਤ ਕਿਸਾਨ ਮੋਰਚਾ ਨੇ ਦੇਸ਼ ਦੀਆਂ ਟਰੇਡ ਯੂਨੀਅਨਾਂ ਨਾਲ ਮਿਲਕੇ ਸਮੁੱਚੇ ਦੇਸ਼ ਦੇ ਸੂਬਿਆਂ ਦੀਆਂ ਰਾਜਧਾਨੀਆਂ ਦੇ ਕੇਂਦਰਾਂ ਅਤੇ ਕਈ ਥਾਵਾਂ 'ਤੇ ਜ਼ਿਲ੍ਹਾ ਕੇਂਦਰਾਂ 'ਤੇ 26 ਨਵੰਬਰ ਨੂੰ ਵਿਸ਼ਾਲ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਗਾਰੰਟੀਸ਼ੁਦਾ ਖਰੀਦ ਦੇ ਨਾਲ ਐਮ.ਐਸ.ਪੀ., ਸੀ 2 ਪਲੱਸ 50 ਪ੍ਰਤੀਸ਼ਤ ਨੂੰ ਪ੍ਰਾਪਤ ਕਰਨ ਲਈ ਤੁਰੰਤ ਇੱਕ ਕਾਨੂੰਨ ਬਣਾਇਆ ਜਾਵੇ ,ਕੇਂਦਰ ਸਰਕਾਰ ਕਿਸਾਨਾਂ ਅਤੇ ਖੇਤੀਬਾੜੀ ਕਾਮਿਆਂ ਲਈ ਇੱਕ ਵਿਆਪਕ ਕਰਜ਼ਾ ਮੁਆਫੀ ਯੋਜਨਾ ਦਾ ਐਲਾਨ ਕਰੇ, ਐਮ.ਐਫ.ਆਈ.ਐਸ. ਵਿਆਜ ਦਰਾਂ ਨੂੰ ਨਿਯਮਤ ਕਰਨ ਲਈ ਕਾਨੂੰਨ ਬਣਾਏ ਅਤੇ ਕਰਜ਼ਦਾਰਾਂ ਦੀ ਪਰੇਸ਼ਾਨੀ ਨੂੰ ਖਤਮ ਕਰੇ , ਬਿਜਲੀ ਅਤੇ ਪੀ.ਐਸ.ਯੂ. ਦਾ ਨਿੱਜੀਕਰਨ ਨਾ ਕੀਤਾ ਜਾਵੇ। ਸਮਾਰਟ ਮੀਟਰ ਨਾ ਲਾਏ ਜਾਣ । ਬਿਜਲੀ ਬਿੱਲ 2025 ਰੱਦ ਕੀਤਾ ਜਾਵੇ। ਸਾਰੇ ਘਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫਤ ਬਿਜਲੀ ਦਿੱਤੀ ਜਾਵੇ , ਭਾਰਤ 'ਤੇ 50 ਪ੍ਰਤੀਸ਼ਤ ਅਮਰੀਕੀ ਟੈਰਿਫ ਲਗਾਉਣਾ ਰੱਦ ਕੀਤਾ ਜਾਵੇ , ਕਪਾਹ, ਡੇਅਰੀ ਸੈਕਟਰਾਂ ਵਿੱਚ ਕੋਈ ਐਪ.ਟੀ.ਏ. ਨਾ ਲਿਆਂਦਾ ਜਾਵੇ , ਕਪਾਹ 'ਤੇ 11 ਪ੍ਰਤੀਸ਼ਤ ਆਯਾਤ ਟੈਰਿਫ ਨੂੰ ਖਤਮ ਕਰਨ ਵਾਲੀ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ , ਕਿਸਾਨਾਂ ਅਤੇ ਕਾਮਿਆਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੋਈ ਐਫ.ਟੀ.ਏ. ਨਾ ਲਾਈ ਜਾਵੇ । ਇੰਡੋ-ਯੂਕੇ ਐਫ.ਟੀ.ਏ., ਸੀ.ਈ.ਟੀ.ਏ. ਨੂੰ ਰੱਦ ਕੀਤਾ ਜਾਵੇ, ਡਰਾਫਟ ਸੀਡ ਬਿੱਲ 2025 ਵਾਪਸ ਲਿਆ ਜਾਵੇ ,ਸਾਰੇ ਗੰਭੀਰ ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਨੂੰ ਰਾਸ਼ਟਰੀ ਆਫ਼ਤਾਂ ਘੋਸ਼ਿਤ ਕੀਤਾ ਜਾਵੇ ਅਤੇ ਅਸਲ ਨੁਕਸਾਨ ਦੇ ਆਧਾਰ 'ਤੇ ਪੂਰਾ ਮੁਆਵਜ਼ਾ ਦੇਣਾ ਯਕੀਨੀ ਬਣਾਇਆ ਜਾਵੇ , ਸਾਰੇ ਆਫ਼ਤ ਪ੍ਰਭਾਵਿਤ ਰਾਜਾਂ ਲਈ 1 ਲੱਖ ਕਰੋੜ ਰੁਪਏ ਮੁਆਵਜ਼ਾ ਅਤੇ ਪੰਜਾਬ ਨੂੰ 25,000 ਕਰੋੜ ਰੁਪਏ ਜਾਰੀ ਕੀਤਾ ਜਾਵੇ। ਕਿਰਾਏਦਾਰ ਕਿਸਾਨਾਂ ਅਤੇ ਖੇਤੀਬਾੜੀ ਕਾਮਿਆਂ ਦੇ ਮੁਆਵਜ਼ੇ ਦੇ ਅਧਿਕਾਰ ਦੀ ਰੱਖਿਆ ਕੀਤੀ ਜਾਵੇ।

ਰਾਮੇਵਾਲ ਦਾ ਛਿੰਝ ਮੇਲਾ ਮਿਤੀ 25 ਨਵੰਬਰ ਨੂੰ

ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਪਿੰਡ ਰਾਮੇਵਾਲ ਵਿਖੇ ਲੱਖਾਂ ਦੇ ਦਾਤੇ ਅਤੇ ਸੰਤ ਬਾਬਾ ਰਾਮ ਦਾਸ ਜੀ ਦੀ ਯਾਦ ਵਿੱਚ 35ਵਾਂ ਸਲਾਨਾ ਛਿੰਝ ਮੇਲਾ 25 ਨਵੰਬਰ 2025 ਦਿਨ ਮੰਗਲਵਾਰ ਨੂੰ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਜਗਦੀਸ਼ ਸਿੰਘ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ ਭਾਰਤ ਦੇ ਉੱਚ ਕੋਟੀ ਦੇ ਪਹਿਲਵਾਨ ਭਾਗ ਲੈਣਗੇ। ਪਟਕੇ ਦੀ ਕੁਸ਼ਤੀ ਦਾ ਪਹਿਲਾ ਇਨਾਮ ਇੱਕ ਲੱਖ ਰੁਪਏ ਮੇਜਰ ਸਿੰਘ ਪੁੱਤਰ ਸੁਖਦੇਵ ਸਿੰਘ, ਪਟਕੇ ਦੀ ਕੁਸ਼ਤੀ ਦਾ ਦੂਜਾ ਇਨਾਮ ਇੱਕ ਲੱਖ ਰੁਪਏ ਸੁਖਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਕਨੇਡਾ, ਤੀਜੇ ਪਟਕੇ ਦੀ ਕੁਸ਼ਤੀ ਦਾ 61000 ਰੁਪਏ ਜਸਪਾਲ ਸਿੰਘ ਕਾਲਾ ਪੁੱਤਰ ਜਗਦੀਸ਼ ਸਿੰਘ ਸਾਬਕਾ ਸਰਪੰਚ ਵਲੋਂ ਦਿੱਤਾ ਜਾਵੇਗਾ ਅਤੇ ਚੌਥੇ ਪਟਕੇ ਦਾ 51000 ਰੁਪਏ ਦਾ ਇਨਾਮ ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ, ਪੰਜਵੇਂ ਪਟਕੇ ਦਾ 41000 ਰੁਪਏ ਦਾ ਇਨਾਮ ਬਲਵੀਰ ਸਿੰਘ, ਕੁਲਬੀਰ ਸਿੰਘ ਪੁੱਤਰ ਅਜੀਤ ਸਿੰਘ ਵੱਲੋਂ, ਛੇਵਾਂ ਪਟਕੇ ਦਾ 3100 ਰੁਪਏ ਦਾ ਇਨਾਮ ਏਕਸ ਪੁੱਤਰ ਪੱਪੂ ਜੀ, ਸਤਵਾਂ ਪਟਕੇ ਦਾ 3100 ਰੁਪਏ ਦਾ ਇਨਾਮ ਦਲਜੀਤ ਕੌਰ, ਮਨਜੀਤ ਕੌਰ ਵਲੋਂ,

ਅੱਠਵਾਂ ਪਟਕੇ 31000 ਰੁਪਏ ਦਾ ਇਨਾਮ ਬਲਵੀਰ ਸਿੰਘ ਪੁੱਤਰ ਲਸ਼ਕਰ ਸਿੰਘ ਵਲੋਂ, ਨੌਵਾਂ ਪਟਕੇ ਦਾ 31000 ਰੁਪਏ ਦਾ ਇਨਾਮ ਸੋਹਣ ਸਿੰਘ ਪੁੱਤਰ ਹਰਬੰਸ ਸਿੰਘ ਵਲੋਂ, ਦਸਵਾਂ ਪਟਕੇ ਦਾ 31000 ਦਾ ਇਨਾਮ ਗੁਰਦੇਵ ਸਿੰਘ, ਗਿਆਰਵਾਂ ਪਟਕੇ ਦਾ 21000 ਰੁਪਏ ਦਾ ਇਨਾਮ ਨਿਰਮਲ ਸਿੰਘ ਪੁੱਤਰ ਬਾਬੂ ਸਿੰਘ ਅਮਰੀਕਾ ਵਲੋਂ ਅਤੇ ਇਸ ਤੋਂ ਇਲਾਵਾ 21000 ਰੁਪਏ ਦੇ ਪੰਜ ਹੋਰ ਪਟਕੇ ਵੀ ਦਿੱਤੇ ਜਾਣਗੇ। ਇਸ ਛਿੰਝ ਮੇਲੇ ਦੇ ਮੁੱਖ ਮਹਿਮਾਨ ਚਰਨਜੀਤ ਸਿੰਘ ਚੰਨੀ ਐਮ ਪੀ ਜਲੰਧਰ, ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ, ਅਮਰਜੀਤ ਸਿੰਘ ਸਮਰਾ ਸਾਬਕਾ ਮੰਤਰੀ ਪੰਜਾਬ, ਕੁਲਦੀਪ ਸਿੰਘ ਵਡਾਲਾ ਸਾਬਕਾ ਵਿਧਾਇਕ ਹਲਕਾ ਨਕੋਦਰ, ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ , ਰਾਜਦੀਪ ਅਟਵਾਲ ਅਤੇ ਹੋਰ ਪਤਵੰਤੇ ਹੋਣਗੇ। ਛਿੰਝ ਮੇਲੇ ਦੇ ਸਟੇਜ ਸੰਚਾਲਕ ਐਂਕਰ ਕਰਮਦੀਨ ਹੋਣਗੇ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵੱਲੋਂ 'ਏਕ ਪੇੜ ਮਾਂ ਕੇ ਨਾਮ 2.0' ਮੁਹਿੰਮ ਦੇ ਸਰਟੀਫਿਕੇਟ ਜਾਰੀ ਕੀਤੇ ਗਏ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ) ਭਾਰਤ ਸਰਕਾਰ ਵੱਲੋਂ ਈਕੋ ਕਲੱਬ ਫਾਰ ਮਿਸ਼ਨ ਲਾਈਫ਼ ਅਧੀਨ ਮਿਤੀ 05/6/25 ਤੋਂ 30/9/25 ਤੱਕ 'ਏਕ ਪੇੜ ਮਾਂ ਕੇ ਨਾਮ 2.0' ਮੁਹਿੰਮ ਚਲਾਈ ਗਈ ਸੀ ਜਿਸ ਤਹਿਤ ਪੰਜਾਬ ਨੂੰ 19,12,960 ਪੌਦੇ ਲਗਾਉਣ ਦਾ ਟੀਚਾ ਦਿੱਤਾ ਗਿਆ ਸੀ ।ਪੰਜਾਬ ਸਰਕਾਰ ਸਿੱਖਿਆ ਵਿਭਾਗ ਅਧੀਨ ਜਿਲ੍ਹਾਂ ਸਿੱਖਿਆ ਅਫ਼ਸਰ ਐੱਸ . ਬੀ. ਐੱਸ ਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਵੱਲੋਂ ਵੀ ਇਸ ਮੁਹਿੰਮ ਵਿੱਚ ਭਾਗ ਲਿਆ ਗਿਆ ।ਮੈਡਮ ਅਮਨਦੀਪ ਕੌਰ ਗੰਗੜ ਦੀ ਅਗਵਾਈ ਹੇਠ ਇਸ ਸਕੂਲ ਦੇ ਲਗਭਗ 250 ਬੱਚਿਆ ਨੇ ਆਪਣੀ - ਆਪਣੀ ਮਾਂ ਦੇ ਨਾਲ ਉਪਲੱਬਧ ਥਾਂ ਤੇ ਖੇਤਾਂ ਅਤੇ ਘਰਾਂ ਵਿੱਚ ਪੌਦੇ ਲਗਾਏ ਅਤੇ ਪੌਦੇ ਲਗਾਉਣ ਦੀਆਂ ਤਸਵੀਰਾਂ ਸਮੇਂ- ਸਮੇਂ ਤੇ ਉੱਚ ਅਧਿਆਕਾਰੀਆਂ ਨੂੰ ਭੇਜੀਆਂ ਗਈਆ ਅਤੇ ਸਰਟੀਫ਼ਿਕੇਟ ਡਾਊਨਲੋਡ ਕੀਤੇ ਗਏ।ਇਹ ਰੰਗਦਾਰ ਸਰਟੀਫ਼ਿਕੇਟ ਜਿਹਨਾਂ ਤੇ ਬੱਚੇ ਦੀ ਮਾਂ ਦੇ ਨਾਲ ਪੌਦਾ ਲਗਾਉਂਦੇ ਦੀ ਫੋਟੋ ਲੱਗੀ ਹੋਈ ਹੈ ਬੜੇ ਸੁਹਾਵਣੇ ਲੱਗ ਰਹੇ ਸੀ

।ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਇਹ ਸਰਟੀਫ਼ਿਕੇਟ ਕਲਾਸ ਵਾਈਜ ਬੱਚਿਆਂ ਨੂੰ ਜਾਰੀ ਕੀਤੇ ਗਏ ।ਇਸ ਮੌਕੇ ਤੇ ਬੋਲਦਿਆਂ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਅਜੀਤ ਰਾਮ ਧੀਮਾਨ ਵੱਲੋਂ ਪੌਦੇ ਲਗਾਉਣ ਵਾਲੇ ਬੱਚਿਆਂ ਨੂੰ ਜਿੱਥੇ ਵਧਾਈ ਦਿੱਤੀ ਗਈ ਉੱਥੇ ਨਾਲ ਹੀ ਦੱਸਿਆ ਗਿਆ ਕਿ ਪੌਦੇ ਲਗਾ ਕੇ ਉਹਨਾਂ ਵੱਲੋਂ ਬੜਾ ਉਤਮ ਕਾਰਜ ਕੀਤਾ ਗਿਆ ਹੈ ਕਿਉਂਕਿ ਜਿੰਨੇ ਪੌਦੇ ਵੱਧ ਹੋਣਗੇ ਉਨਾ ਹੀ ਵਾਤਾਵਰਨ ਸ਼ੁੱਧ ਅਤੇ ਹਰਿਆਵਲ ਵਾਲਾ ਰਹੇਗਾ ਜੋ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਅਤਿਅੰਤ ਲਾਭਕਾਰੀ ਹੋਵੇਗਾ ।ਉਨ੍ਹਾਂ ਅੱਗੇ ਬੱਚਿਆਂ ਨੂੰ ਸਮਝਾਇਆ ਕਿ ਬਿਰਧ ਹੋਣ ਉਪਰੰਤ ਜਦੋਂ ਮਾਂ ਉਹਨਾਂ ਕੋਲ ਨਹੀਂ ਰਹੇਗੀ ਤਾਂ ਉਨ੍ਹਾਂ ਵੱਲੋਂ ਮਾਂ ਦੇ ਨਾਲ ਜੋ ਪੌਦਾ ਅੱਜ ਲਗਾਇਆ ਗਿਆ ਹੈ ਇਸ ਪੌਦੇ ਦੀ ਛਾਂ ਵੱਡਾ ਦਰੱਖਤ ਬਣ ਕੇ ਉਨ੍ਹਾਂ ਨੂੰ ਉਹੀ ਆਨੰਦ ਦੇਵੇਗੀ ਜੋ ਉਹ ਮਾਂ ਦੀ ਗੋਦ ਵਿਚ ਮਾਣਦੇ ਰਹੇ ਹਨ ਅਤੇ ਇਹ ਪੌਦਾ ਉਨ੍ਹਾਂ ਨੂੰ ਹਮੇਸ਼ਾਂ ਆਪਣੀ ਮਾਂ ਦੀ ਯਾਦ ਦੁਆਉਂਦਾ ਰਹੇਗਾ ।ਇਸ ਸਮੇਂ ਉਪਰੋਕਤ ਤੋਂ ਇਲਾਵਾ ਮੈਡਮ ਪੂਨਮ, ਰਿਸ਼ੂ,ਗੁਰਚਰਨਜੀਤ ਕੌਰ,ਭਾਗਿਆ ਸ਼੍ਰੀ, ਨੇਹਾ ਸੁਜੋਵਾਲ, ਜਤਿੰਦਰਾ ,ਨੇਹਾ ਡੁੱਗਰੀ, ਇੰਦੂ, ਸਨਪ੍ਰੀਤ ਕੌਰ, ਨਿੱਧੀ ਸ਼ਰਮਾ, ਸੁਮਨ, ਸਵਿਤਾ, ਮੀਨਾ ਕੁਮਾਰੀ, ਆਸ਼ਾ ਦੇਵੀ, ਜਸਵਿੰਦਰ ਕੌਰ ਅਤੇ ਸ. ਰਣਜੀਤ ਸਿੰਘ ਵੀ ਹਾਜ਼ਰ ਸਨ ।ਇਹ ਜਾਣਕਾਰੀ ਸ਼੍ਰੀ ਰਣਜੀਤ ਸਿੰਘ ਸਾਇੰਸ ਅਧਿਆਪਕ ਵੱਲੋ ਦਿੱਤੀ ਗਈ ।

ਆਮ ਆਦਮੀ ਪਾਰਟੀ ਨੇ ਸਤਨਾਮ ਸਿੰਘ ਜਲਵਾਹਾ ਨੂੰ ਜਲੰਧਰ ਜਿਲ੍ਹਾ ਆਬਜ਼ਰਬਰ ਕੀਤਾ ਨਿਯੁਕਤ, ਪਾਰਟੀ ਵੱਲੋਂ ਅਹਿਮ ਜ਼ਿੰਮੇਵਾਰੀ ਸੌਂਪੀ ਗਈ

ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ) ਜ਼ਿਲ੍ਹਾ ਜਲੰਧਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਸੰਬੰਧੀ ਆਮ ਆਦਮੀ ਪਾਰਟੀ ਵਲੋਂ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਵਾਂਸ਼ਹਿਰ ਸਤਨਾਮ ਸਿੰਘ ਜਲਵਾਹਾ ਨੂੰ ਅਬਜਰਬਰ ਲਗਾਇਆਂ ਗਿਆ ਹੈ। ਇਸ ਮਹੱਤਵਪੂਰਨ ਨਿਯੁਕਤੀ ਤੋਂ ਬਾਅਦ ਸਤਨਾਮ ਸਿੰਘ ਜਲਵਾਹਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਾਰਟੀ ਵੱਲੋਂ ਉਚ ਆਹੁਦੇਦਾਰਾਂ ਪ੍ਰਤੀ ਵਿਸ਼ੇਸ਼ ਧੰਨਵਾਦ ਕੀਤਾ । ਉਨ੍ਹਾਂ ਕਿਹਾ ਕਿ ਰਾਸ਼ਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਦਿਲੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ , ਪੰਜਾਬ ਇੰਚਾਰਜ ਸ੍ਰੀ ਮੁਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ, ਸ਼ੈਰੀ ਕਲਸੀ ਕਰੁਜਕਾਰੀ ਪ੍ਰਧਾਨ, ਦੀਪਕ ਚੌਹਾਨ , ਦਾ ਧੰਨਵਾਦ ਕਰਦਾ ਹਾਂ। ਜਿਨ੍ਹਾਂ ਨੇ ਮੇਰੇ ਉਪਰ ਭਰੋਸਾ ਕਰਕੇ ਐਨੀ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਅੱਗੇ ਕਿਹਾ ਕਿ ਮੇਰਾ ਆਬਜ਼ਰਬਰ ਵਜੋਂ ਮੇਰਾ ਮੁੱਖ ਕੰਮ ਚੋਣਾਂ ਨੂੰ ਪੂਰਾ ਪਾਰਦਰਸ਼ੀ ਢੰਗ ਨਾਲ ਪੂਰੀ ਇਮਾਨਦਾਰੀ ਨਾਲ ਚੋਣਾ ਨੂੰ ਕਰਵਾਉਣ ਲਈ ਪੂਰਾ ਯੋਗਦਾਨ ਪੈਦਾ ਕਰਨਾ ਹੈ । ਜਲਵਾਹਾ ਨੇ ਕਿਹਾ ਕਿ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ , ਨਿਸ਼ਠਾ, ਸੇਵਾ ਭਾਵਨਾ ਨਾਲ ਨਾਲ ਪੂਰਾ ਨਿਭਾਵਾਂਗਾ। ਸਤਨਾਮ ਸਿੰਘ ਜਲਵਾਹਾ ਨੇ ਕਿਹਾ ਇਹ ਨਿਯੁਕਤੀ ਪਾਰਟੀ ਵੱਲੋਂ ਉਨ੍ਹਾਂ ਤੇ ਭਰੋਸਾ ਅਤੇ ਜ਼ਿਲ੍ਹਾ ਜਲੰਧਰ ਸੰਗਠਨਾਤਮ ਮਜ਼ਬੂਤੀ ਵਲੋਂ ਇਕ ਮੁਹੱਤਵਪੂਰਨ ਵਜੋਂ ਦੇਖੀ ਜਾ ਰਹੀ ਹੈ।

ਔਜਲਾ ਢੱਕ ਵਿਖੇ ਮੁਫਤ ਟਿਊਸ਼ਨ ਸੈਂਟਰ ਦਾ ਉਦਘਾਟਨ ਕੀਤਾ

ਫਿਲੌਰ/ਅੱਪਰਾ, ਦੀਪਾ-ਪਿੰਡ ਔਜਲਾ ਢੱਕ ਵਿਖੇ ਕ੍ਰਾਂਤੀ ਜੋਤ ਮਾਤਾ ਸਵਿੱਤਰੀ ਬਾਈ ਫੂਲੇ ਐਜੂਕੇਸ਼ਨਲ ਅਤੇ ਵੈਲਫੇਅਰ ਸੋਸਾਇਟੀ ਵੱਲੋਂ ਪਿੰਡ 'ਚ ਮੁਫਤ ਟਿਊਸ਼ਨ ਸੈਂਟਰ ਦਾ ਉਦਘਾਟਨ ਮਾਣਯੋਗ ਮਾਸਟਰ ਲਾਲ ਚੰਦ ਔਜਲਾ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ। ਇਸ ਸਮਾਗਮ ਦੁਕਾਨ ਆਪਣੇ ਸੰਬੋਧਨ ਵਿਚ ਮਾਸਟਰ ਔਜਲਾ ਨੇ ਸਕੂਲ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦੱਸਿਆ ਕਿ ਇਹ ਟਿਊਸ਼ਨ ਸੈਂਟਰ ਬਿਲਕੁਲ ਮੁਫ਼ਤ ਤੀਜੀ ਤੋਂ ਨੌਵੀਂ ਜਮਾਤ ਤੱਕ ਦੇ ਪ੍ਰਾਈਵੇਟ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸੇਵਾਵਾਂ ਦੇਵੇਗਾ। ਜਿਸ ਲਈ ਉਚ ਯੋਗਤਾ ਅਧਿਆਪਕ ਨਿਯੁਕਤ ਕੀਤੇ ਗਏ ਹਨ। ਇਹ ਸੈਂਟਰ ਨਾਲ ਦੀ ਨਾਲ ਦੇਸ ਦੇ ਰਹਿਬਰਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਲਈ ਯਤਨ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਸਿੱਖਿਆਂ ਇੱਕ ਵਿਅਕਤੀ ਲਈ ਬਹੁਤ ਜਰੂਰੀ ਹੈ ਕਿਉਂਕਿ ਸਿੱਖਿਆ ਵਿਹੀਣ ਨਰ ਪਸ਼ੂ ਸਮਾਨ ਹੁੰਦਾ ਹੈ। ਅਜੋਕੇ ਸਮੇਂ ਵਿੱਚ ਦੇਸ਼ ਵਿੱਚ ਬੱਚਿਆਂ ਦੀ ਸਿੱਖਿਆ ਨੂੰ ਸੰਭਾਲਣ ਲਈ ਆਮ ਲੋਕਾਂ ਨੂੰ ਅੱਗੇ ਆਉਣਾ ਪਵੇਗਾ ਕਿਉਂਕਿ ਸਿੱਖਿਆ ਦਾ ਪੱਧਰ ਦਿਨ ਪ੍ਰਤੀ ਦਿਨ ਹੇਠਾਂ ਵੱਲ ਨੂੰ ਜਾ ਰਿਹਾ ਹੈ। ਬੱਚਿਆਂ ਵਿੱਚ ਸਿੱਖਿਆਂ ਪ੍ਰਤੀ ਰੁਝਾਨ ਘਟਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪੇ ਸਹਿਬਾਨ ਸਿੱਖਿਆਂ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਵੱਲ ਉਚੇਚਾ ਧਿਆਨ ਦੇਣ। ਸਰਕਾਰਾਂ ਦੇ ਅਜੰਡੇ ਉਪਰ ਸਿਹਤ ਤੇ ਸਿੱਖਿਆਂ ਦੋਨੋ ਹਾਸ਼ੀਏ ਉਪਰ ਹਨ। ਅਧਿਆਪਕਾਂ ਕੋਲੋਂ ਲਗਾਤਾਰ ਗੈਰ ਵਿੱਦਿਅਕ ਕੰਮ ਲਏ ਜਾ ਰਹੇ ਹਨ। ਅਧਿਆਪਕ ਉਲਝਣਾਂ ਵਿੱਚ ਹੀ ਫਸੇ ਹੋਏ ਹਨ। ਇਸੇ ਕਰਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਜਿਸ ਨੂੰ ਬਹਾਨਾ ਬਣਾ ਕੇ ਮੌਜੂਦਾ ਸਰਕਾਰਾਂ ਨਾ ਨਵੀ ਭਰਤੀ ਕਰ ਰਹੀਆਂ ਹਨ ਨਾ ਬੱਚਿਆਂ ਦੇ ਪੱਧਰ ਸੁਧਾਰਨ ਲਈ ਉਪਰਾਲਾ ਕਰ ਰਹੀਆਂ ਹਨ, ਸਗੋਂ ਲਗਾਤਾਰ ਸਰਕਾਰੀ ਸਕੂਲਾਂ ਨੂੰ ਤਾਲੇ ਲਗਾਉਣ ਦੀ ਨੀਤੀ ਤੇ ਪਹਿਰਾ ਦੇ ਰਹੀਆਂ ਹਨ। ਇਸ ਲਈ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਦੇ ਭਵਿੱਖ ਲਈ ਇਹੋ ਜਿਹੇ ਕਾਰਜ ਪਿੰਡ-ਪਿੰਡ ਅਰੰਭਣੇ ਚਾਹੀਦੇ ਹਨ। ਇਸ ਮੌਕੇ ਮਾਸਟਰ ਜਸਵਿੰਦਰ ਔਜਲਾ, ਕ੍ਰਿਸ਼ਨ ਕੁਮਾਰ, ਦੇਸ ਰਾਜ, ਬਰਿੰਦਰ ਔਜਲਾ ਪੰਚ, ਸਰਵਣ ਰਾਮ, ਰੁਪਿੰਦਰ ਗੋਰਾ, ਹਰੀ ਪਾਲ, ਮਨਦੀਪ ਕੌਰ, ਸੀਮਾ ਰਾਣੀ, ਕਮਲਜੀਤ ਕੌਰ, ਰੀਨਾ ਰਾਣੀ ਅਤੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਤੇ ਹੋਰ ਪਿੰਡ ਦੇ ਪਤਵੰਤੇ ਸੱਜਣ ਭਾਰੀ ਗਿਣਤੀ ਵਿੱਚ ਆਦਿ ਹਾਜ਼ਰ ਸਨ।

ਅਮਰ ਸ਼ਹੀਦ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਨੂੰ ਸ਼ਹੀਦੀ ਦਿਹਾੜੇ 'ਤੇ ਕੀਤਾ ਗਿਆ ਸਿੱਜਦਾ

ਉਘੇ ਸਿਆਸੀ 'ਤੇ ਸਮਾਜਿਕ ਆਗੂਆਂ ਨੇ ਪਹੁੰਚ ਕੇ ਭੇਟ ਕੀਤੀ ਸ਼ਰਧਾਂਜਲੀ

ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ)-ਅਮਰ ਸ਼ਹੀਦ 'ਹੀਰੋ ਆਫ਼ ਲਦਾਖ਼' ਲੈਫਟੀਨੈਂਟ ਜਨਰਲ ਬਿਕਰਮ ਸਿੰਘ ਨੂੰ ਉਹਨਾਂ ਦੇ ਜੱਦੀ ਪਿੰਡ ਸਿਆਣਾ ਵਿਖੇ ਬਣੇ ਸਮਾਰਕ ਉਤੇ ਕਰਵਾਏ ਗਏ ਸਮਾਗਮ ਸਮੇਂ 62ਵੇ ਸ਼ਹੀਦੀ ਦਿਹਾੜਾ 'ਤੇ ਯਾਦ ਕੀਤਾ ਗਿਆ। ਸਭ ਤੋਂ ਪਹਿਲਾਂ ਸਵੇਰੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਨੇ ਵਿਸ਼ੇਸ਼ ਤੌਰ 'ਤੇ ਪਹੰਚ ਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਾਅਦ ਵਿਚ ਹੋਏ ਸਮਾਗਮ ਸਮੇਂ ਹਲਕਾ ਵਿਧਾਇਕ ਮੈਡਮ ਸੰਤੋਸ਼ ਕਟਾਰੀਆ, ਚੇਅਰਮੈਨ ਬ੍ਰਗੇਡੀਅਰ ਰਾਜ ਕੁਮਾਰ, ਅਜੇ ਮੰਗੂਪੁਰ, ਕਾਮਰੇਡ ਕਰਨ ਸਿੰਘ ਰਾਣਾ, ਕਾਮਰੇਡ ਪਰਮਿੰਦਰ ਮੇਨਕਾ, ਨਿਰਮਲ ਸਿੰਘ ਔਜਲਾ, ਪਵਨ ਕੁਮਾਰ ਸ਼ਰਮਾ, ਹਰਵਿੰਦਰ ਸਿੰਘ ਮਹਿੰਦੀਪੁਰ, ਕੈਪਟਨ ਭਗਤ ਰਾਮ, ਕੈਪਟਨ ਬਿਕਰਮ ਸਿੰਘ, ਜਨਰਲ ਸਾਹਿਬ ਦੇ ਪੋਤਰੇ ਸਨਦੀਪ ਸਿੰਘ ਕੰਗ, ਜੁਗਿੰਦਰ ਸਿੰਘ ਸਿਆਣਾ, ਸਰਪੰਚ ਓਮ ਪ੍ਰਕਾਸ਼ ਮੱਖੂਪੁਰ, ਠੇਕੇਦਾਰ ਰਾਜ ਕੁਮਾਰ, ਡਾ. ਕਸ਼ਮੀਰ ਸਿੰਘ ਢਿੱਲੋਂ, ਜਥੇਦਾਰ ਜਸਵਿੰਦਰ ਸਿੰਘ ਕਾਹਮਾ ਨੇ ਸੰਬੋਧਨ ਕੀਤਾ 'ਤੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਮੇਂ ਪਿਛਲੇ ਸਮੇਂ ਦੌਰਾਨ ਵਿਛੜੇ ਸੁਸਾਇਟੀ ਮੈਂਬਰ ਪਟਵਾਰੀ ਰਵਿੰਦਰ ਸਿੰਘ ਘੁੰਮਣ ਨੂੰ ਵੀ ਯਾਦ ਕੀਤਾ। ਸਟੇਜ ਸੰਚਾਲਨ ਦੀਆਂ ਸੇਵਾਵਾਂ ਹਰਦੀਪ ਸਿੰਘ ਗਹੂੰਣ ਨੇ ਨਿਭਾਈਆਂ। ਕੌਂਸਲਰ ਰਾਧੇ ਸ਼ਾਮ, ਪਰਮਿੰਦਰ ਸਿੰਘ ਪੰਮਾ ਭਾਟੀਆ, ਸੁਰੇਸ਼ ਚੌਧਰੀ, ਸੁਰਿੰਦਰ ਸਿੰਘ ਸ਼ਿੰਦੀ, ਸੁਖਦੇਵ ਸਿੰਘ ਪਨੇਸਰ, ਕਰਨੈਲ ਸਿੰਘ ਭੱਲਾ, ਚੰਦਰ ਮੋਹਨ ਜੇ.ਡੀ, ਪਰਮਿੰਦਰ ਸਿੰਘ ਫ਼ੌਜੀ, ਜਸਵੰਤ ਸਿੰਘ ਤੂਰ, ਯਸ਼ਵੰਤ ਸ਼ਰਮਾ, ਸਨਦੀਪ ਘੁੰਮਣ, ਹਰਭਜਨ ਸਿੰਘ, ਹੰਸ ਰਾਜ ਅਤੇ ਪ੍ਰਾਇਮਰੀ ਸਕੂਲ ਤੇ ਮਿਡਲ ਸਕੂਲ ਸਿਆਣਾ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਹਾਜ਼ਰ ਹੋ ਕੇ ਸ਼ਰਧਾ ਦੇ ਫੁੱਲ ਭੇਟ ਕਰਕੇ ਸਿਜਦਾ ਕੀਤਾ।

ਸਮਾਜ ਵੀਕਲੀ ਨਿਊਜ

ਬੀਤੀ ਰਾਤ 'ਚ ਬੰਦ ਪਏ ਘਰ ਵਿੱਚੋਂ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ ਕਰ ਚੋਰ ਫ਼ਰਾਰ

ਫਿਲੌਰ/ਅੱਪਰਾ,ਦੀਪਾ ਥਾਣਾ ਬਹਿਰਾਮ ਅਧੀਨ ਪੈਂਦੇ ਇਲਾਕੇ 'ਚ ਰੋਜ਼ਾਨਾ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨਾਲ ਇਲਾਕਾਂ ਵਾਸੀ ਦਹਿਸ਼ਤ ਦੇ ਮਹੌਲ ਵਿੱਚ ਜਿਊਣ ਲਈ ਮਜਬੂਰ ਹਨ, ਤੇ ਇਨ੍ਹਾਂ ਚੋਰਾਂ ਅਤੇ ਲੁਟੇਰਿਆਂ ਨੂੰ ਫੜਨ ਅਤੇ ਲੋਕਾਂ ਨੂੰ ਸੁਰੱਖਿਆ ਦੇਣ ਵਿੱਚ ਥਾਣਾ ਬਹਿਰਾਮ ਦੀ ਪੁਲਿਸ ਪੂਰੀ ਤਰ੍ਹਾਂ ਫੇਲ ਸਾਬਿਤ ਹੋ ਰਹੀ ਹੈ। ਇਨ੍ਹਾਂ ਘਟਨਾਵਾਂ ਵਿੱਚ ਹੋਰ ਵੀ ਵਾਧਾ ਹੋ ਗਿਆ, ਜਦੋਂ ਬੀਤੀ ਰਾਤ ਐੱਨ. ਆਰ. ਆਈ ਦੇ ਬੰਦ ਪਏ ਘਰ ਵਿੱਚੋ ਲੱਖਾਂ ਦੇ ਸੋਨੇ ਦੇ ਗਹਿਣੇ ਅਤੇ ਵਿਦੇਸ਼ੀ ਕਰੰਸੀ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵੀਨਾ ਵਰਮਾ ਪਤਨੀ ਸਵ. ਬਲਦੇਵ ਰਾਜ ਵਰਮਾ ਵਾਸੀ ਸ਼ਨੀ ਇੰਨਕਲੇਵ, ਖਰੜ ਮੋਹਾਲੀ ਦੀ ਰਹਿਣ ਵਾਲੀ ਹਾਂ ਅਤੇ ਪਿੰਡ ਭਰੋ ਮਜਾਰਾ, ਥਾਣਾ ਬਹਿਰਾਮ, ਜਿਲ੍ਹਾ ਯਸ.ਭ.ਸ. ਨਗਰ ਵਿਖੇ ਸਾਡੀ ਪਾਣੀ ਫਿਲਟਰ ਕਰਨ ਦੀ ਫੈਕਟਰੀ ਹੈ। ਸਾਡੇ ਬਿਜਨੈਸ ਪਾਟਰਨ ਪਰਮਜੀਤ ਸਿੰਘ ਉਰਫ ਰਾਣਾ ਪੁੱਤਰ ਕੁਲਤਾਰ ਸਿੰਘ ਵਾਸੀ ਭਰੋ ਮਜਾਰਾ ਹਨ ਜੋਂ ਕਿ ਇਸ ਸਮੇਂ ਕਨੇਡਾ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਘਰ ਦੀ ਜ਼ਿੰਮੇਵਾਰੀ ਮੇਰੇ ਕੋਲ ਹੀ ਹੈ। ਸਵੇਰੇ ਸਮਾਂ ਕਰੀਬ 6.38 ਵਜੇ ਬਲਦੇਵ ਸਿੰਘ ਜੋਂ ਕਿ ਸਾਡੀ ਫੈਕਟਰੀ ਦਾ ਵਰਕਰ ਜਿਸ ਨੇ ਫੋਨ ਕਰਕੇ ਦੱਸਿਆ ਕਿ ਪਰਮਜੀਤ ਸਿੰਘ ਦੇ ਘਰ ਦੇ ਮੇਨ ਗੇਟ ਅਤੇ ਸਾਰੇ ਕਮਰਿਆਂ ਦੇ ਜ਼ਿੰਦੇ ਟੁੱਟੇ ਹੋਏ ਹਨ ਅਤੇ ਘਰ ਦਾ ਸਮਾਨ ਚੋਰੀ ਹੋਇਆ। ਜਦੋਂ ਮੈਂ ਪਿੰਡ ਭਰੋ ਮਜਾਰਾ ਪਹੁੰਚ ਕੇ ਦੇਖਿਆ ਕਿ ਘਰ ਦਾ ਸਾਰਾ ਸਮਾਨ ਖਿੱਲਰਿਆ ਪਿਆ ਸੀ। ਸਮਾਨ ਚੈੱਕ ਕੀਤਾ ਤਾਂ ਦੇਖਿਆ ਕਿ ਜੋਂ ਘਰ ਵਿੱਚ ਮੰਦਿਰ ਬਣਿਆ ਹੋਇਆ ਸੀ, ਜਿਸ ਵਿੱਚੋਂ ਚਾਂਦੀ ਦੀ ਰਾਧਾਕ੍ਰਿਸ਼ਨ ਜੀ ਦੀ ਮੂਰਤੀ, ਪਲੇਟ, ਕੌਲੀ, ਗਲਾਸ ਗ਼ਾਇਬ ਸੀ ਅਤੇ ਇਸੇ ਤਰ੍ਹਾਂ ਬਾਸਕ ਬੈੱਡ ਵਿੱਚੋਂ ਗੋਦਰੇਜ ਦਾ ਇਲੈਕਟ੍ਰਾਨਿਕ ਲਾਕਰ ਗ਼ਾਇਬ, ਜਿਸ 'ਚ ਸੋਨੇ ਦੇ ਗਹਿਣੇ ਜਿਵੇਂ ਕਿ ਇੱਕ ਕੜਾ, ਇੱਕ ਬਰੈਸਲਿੱਟ, ਤਿੰਨ ਮੁੰਦਰੀਆਂ ਜੈਂਸਟ, ਇੱਕ ਮੁੰਦਰੀ ਸਟੋਨ ਵਾਲੀ, 2500 ਕਨੇਡੀਅਨ ਡਾਲਰ, 1,25000/- ਰੁਪਏ ਭਾਰਤੀ ਕਰੰਸੀ ਸੀ ਅਤੇ ਅਲਮਾਰੀ ਤੋੜ ਕੇ ਇੱਕ ਐੱਚ. ਪੀ. ਦਾ ਲੈਪਟਾਪ, ਸੈਮਸੰਗ ਗਲੈਕਸੀ ਮੋਬਾਈਲ ਫੋਨ ਚੋਰੀ ਕਰਕੇ ਚੋਰ ਫ਼ਰਾਰ ਹੋ ਗਿਆ। ਇਸ ਚੋਰੀ ਸਬੰਧੀ ਲਿਖਤੀ ਦਰਖਾਸਤ ਦਿੱਤੀ ਹੈ। ਇਸ ਸਬੰਧੀ ਫੋਨ ਤੇ ਗੱਲਬਾਤ ਕਰਦਿਆਂ ਥਾਣਾ ਬਹਿਰਾਮ ਏ. ਐੱਸ. ਆਈ ਬਲਿਹਾਰ ਸਿੰਘ ਨੇ ਦੱਸਿਆ ਕਿ ਮੌਕਾ ਦੇਖਕੇ ਸੀ.ਸੀ.ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕਰਕੇ ਚੋਰਾਂ ਨੂੰ ਜਲਦੀ ਹੀ ਕਾਬੂ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਪਿੰਡ ਵਾਸੀਆਂ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ ਅਤੇ ਰਾਤ ਸਮੇਂ ਪੁਲਿਸ ਪ੍ਰਸ਼ਾਸਨ ਵਲੋਂ ਗਸ਼ਤ ਕੀਤੀ ਜਾਵੇ।

ਅੱਖਾਂ ਦਾ 11ਵਾਂ ਮੁਫ਼ਤ ਚੈੱਕਅਪ ਕੈਂਪ ਅੱਜ

ਫਿਲੌਰ/ਅੱਪਰਾ,ਦੀਪਾ -- ਪਿੰਡ ਕੋਟ ਗਰੇਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 11ਵਾਂ ਅੱਖਾਂ ਦਾ ਵਿਸ਼ਾਲ ਚੈੱਕਅੱਪ, ਆਪ੍ਰੇਸ਼ਨ ਕੈਂਪ, ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਐੱਨ. ਆਰ. ਆਈ. ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 23 ਨਵੰਬਰ ਦਿਨ ਐਤਵਾਰ ਨੂੰ ਲਗਾਇਆ ਜਾਵੇਗਾ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜਗਤਾਰ ਸਿੰਘ ਯੂ. ਕੇ. ਨੇ ਦੱਸਿਆ ਕਿ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਡਾ. ਸੇਠ ਅੱਖਾਂ ਦਾ ਹਸਪਤਾਲ ਮੁਕੰਦਪੁਰ ਰੋਡ ਬੰਗਾ ਵਾਲਿਆਂ ਵੱਲੋਂ ਕੈਂਪ ਦੌਰਾਨ ਆਏ ਹੋਏ ਮਰੀਜ਼ਾਂ ਦਾ ਚੈੱਕਅਪ ਕੀਤਾ ਜਾਵੇਗਾ ਅਤੇ ਡਾ. ਜਵਾਹਰ ਸੇਠ ਹਾਰਟ ਸਪੈਸ਼ਲਿਸਟ ਦਿਲ ਦੀਆਂ ਬਿਮਾਰੀਆਂ ਦਾ ਚੈੱਕਅਪ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਚਿੱਟੇ ਮੋਤੀਏ, ਕਾਲੇ ਮੋਤੀਏਲੋੜਵੰਦ ਮਰੀਜਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਮੁਫ਼ਤ ਕੀਤੇ ਜਾਣਗੇ ਅਤੇ ਮਰੀਜਾਂ ਨੂੰ ਐਨਕਾਂ ਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ ਅਤੇ ਅਪ੍ਰੇਸ਼ਨ ਲਈ ਮਰੀਜ਼ਾਂ ਨੂੰ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਕੈਂਪ ਦੌਰਾਨ ਪ੍ਰਬੰਧਕਾਂ ਵੱਲੋਂ ਚਾਹ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਜਲੰਧਰ ਦੇ ਦਰਸ਼ਕਾਂ ਨੂੰ ਅੱਜ ਸਟੈਂਡ-ਅੱਪ ਕਮੇਡੀ ਨਾਲ ਹਸਾਉਣਗੇ ਜਸਵੰਤ ਸਿੰਘ ਰਾਠੌਰ

ਜਲੰਧਰ (ਬਲਦੇਵ ਸਿੰਘ ਬੇਦੀ) ਹਾਸਿਆਂ ਦੀ ਬਰਸਾਤ ਲੈ ਕੇ ਜਸਵੰਤ ਸਿੰਘ ਰਾਠੌਰ ਅੱਜ ਡੇਵਿਏਟ ਕਾਲਜ ਜਲੰਧਰ ਵਿੱਚ ਵੀ.ਸੀ.ਆਰ ਤੋਂ ਪੀ.ਵੀ.ਆਰ ਰਾਹੀਂ ਦਰਸ਼ਕਾਂ ਦੇ ਦਿਲ ਜਿੱਤਣ ਆ ਰਹੇ ਹਨ। ਇਹ ਸ਼ੋਅ ਸਿਰਫ਼ ਮਨੋਰੰਜਨ ਨਹੀਂ, ਬਲਕਿ ਪੁਰਾਣੀਆਂ ਯਾਦਾਂ ਅਤੇ ਆਪਣੇ ਨਿਵੇਕਲੇ ਹਾਸੇ ਦਾ ਇਕ ਸੁਨਹਿਰਾ ਮਿਲਾਪ ਹੋਵੇਗਾ। ਗ਼ੌਰਤਲਬ ਹੈ ਕਿ ਰਾਠੌਰ ਦਾ ਕਮੇਡੀ ਸਫ਼ਰ 2007 ਵਿੱਚ ਐਮ.ਐਚ.ਵਨ. ਦੇ ਲੋਕਪ੍ਰਿਯ ਪ੍ਰੋਗਰਾਮ "ਹੱਸਦੇ ਹਸਾਂਦੇ ਰਹੋ" ਤੋਂ ਸ਼ੁਰੂ ਹੋਇਆ, ਜਿੱਥੇ ਉਹ ਜਿੱਤਕੇ ਚੈਂਪਿਅਨ ਬਣੇ। ਇਸ ਜਿੱਤ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਦਿੱਤੀ। ਤਦੋਂ ਤੋਂ ਲੈ ਕੇ ਹੁਣ ਤੱਕ ਉਹ 12 ਪੰਜਾਬੀ ਅਤੇ 3 ਹਿੰਦੀ ਫ਼ਿਲਮਾਂ ਵਿੱਚ ਆਪਣਾ ਅਦਾਕਾਰੀ ਜਲਵਾ ਵੀ ਦਿਖਾ ਚੁੱਕੇ ਹਨ। ਦੁਨੀਆ ਭਰ ਵਿੱਚ 1500 ਤੋਂ ਵੱਧ ਲਾਈਵ ਕਮੇਡੀ ਸ਼ੋਅ ਕਰਨਾ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਸਾਫ਼ ਪ੍ਰਮਾਣ ਹੈ। ਮਿਮਿਕਰੀ ਰਾਠੌਰ ਦੀ ਸਭ ਤੋਂ ਵੱਡੀ ਤਾਕਤ ਹੈ। ਲਾਫਟਰ ਚੈਲੇਂਜ ਵਿੱਚ ਸੁਨੀਲ ਸ਼ੈੱਟੀ ਦੀ ਉਨ੍ਹਾਂ ਵੱਲੋਂ ਕੀਤੀ ਨਕਲ ਨੇ ਨਾ ਸਿਰਫ਼ ਦਰਸ਼ਕਾਂ ਨੂੰ ਹੈਰਾਨ ਕੀਤਾ, ਸਗੋਂ ਖੁਦ ਸੁਨੀਲ ਸ਼ੈੱਟੀ ਨੇ ਵੀ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਉਹ ਮੰਨਦੇ ਹਨ ਕਿ ਕਮੇਡੀ ਪਰਿਵਾਰਕ ਹੋਣੀ ਚਾਹੀਦੀ ਹੈ, ਇਸ ਲਈ ਉਹ ਕਦੇ ਵੀ ਦੋਹਰੇ ਅਰਥਾਂ ਵਾਲੀ ਕਮੇਡੀ ਨਹੀਂ ਕਰਦੇ। ਸਮੇਂ ਦੇ ਨਵੇਂ ਦੌਰ ਨਾਲ ਕਦਮ ਮਿਲਾਉਂਦੇ ਹੋਏ, ਜਸਵੰਤ ਸਟੈਂਡ-ਅੱਪ ਕਮੇਡੀ ਨੂੰ ਆਪਣੀ ਨਵੀਂ ਪਛਾਣ ਬਣਾ ਰਹੇ ਹਨ। ਅੱਜ ਹੋਣ ਵਾਲਾ ਇਹ ਸ਼ੋਅ ਇਸ ਸਫ਼ਰ ਦਾ ਇਕ ਹੋਰ ਮਹੱਤਵਪੂਰਨ ਪੜਾਅ ਸਾਬਤ ਹੋਵੇਗਾ ਜਿੱਥੇ ਪਰਿਵਾਰਕ ਭਰਪੂਰ ਮਨੋਰੰਜਨ ਕਮੇਡੀ ਦਾ ਜਲੰਧਰੀਏ ਲਾਹਾ ਲੈਣਗੇ।

ਪੁਰਾਣੀ ਪੈਨਸ਼ਨ ਬਹਾਲੀ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਫੂਕੀਆਂ ਗਈਆਂ ਕਾਪੀਆਂ

25 ਨਵੰਬਰ ਨੂੰ ਪੁਰਾਣੀ ਪੈਨਸ਼ਨ ਦੀ ਬਹਾਲੀ ਨੂੰ ਲੈ ਕੇ ਦਿੱਲੀ ਵਿਖੇ ਹੋਵੇਗੀ ਇਤਿਹਾਸਿਕ ਮਹਾਂਰੈਲੀ

ਫਿਲੌਰ, ਅੱਪਰਾ ਦੀਪਾ- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀਪੀਐਫ ਕਰਮਚਾਰੀ ਯੂਨੀਅਨ ਦੇ ਸੱਦੇ ਤੇ ਅੱਜ ਵੱਖ-ਵੱਖ ਸਕੂਲਾਂ ਅਤੇ ਦਫ਼ਤਰਾਂ ਵਿੱਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਕਰਨੈਲ ਫ਼ਿਲੌਰ ਜਿਲ੍ਹਾ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ ਜਿਲ੍ਹਾ ਜਲੰਧਰ ਦੀ ਅਗਵਾਈ ਹੇਠ ਫੂਕੀਆਂ ਗਈਆਂ । ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਮੁੱਖ ਮੰਤਰੀ ਪੰਜਾਬ ਨੇ ਲਾਈਵ ਹੋ ਕੇ ਕੀਤਾ ਸੀ ਅਤੇ ਕਿਹਾ ਸੀ ਕਿ ਅਸੀਂ ਪੁਰਾਣੀ ਪੈਨਸ਼ਨ ਬਹਾਲ ਕਰਨ ਜਾ ਰਹੇ ਹਾਂ, ਜਿਸ ਦੀ ਐਸ.ਓ.ਪੀ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਿਤਮਜਰੀਫੀ ਇਹ ਹੈ ਕਿ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਪੁਰਾਣੀ ਪੈਨਸ਼ਨ ਦੀ ਐਸ.ਓ.ਪੀ ਜਾਰੀ ਨਹੀਂ ਕੀਤੀ ਗਈ, ਜੋ ਕਿ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੋਖਾ ਹੈ। ਉਹਨਾਂ ਕਿਹਾ ਕਿ ਸਰਕਾਰ ਆਪਣੇ ਵਾਅਦੇ ਤੋਂ ਭੱਜ ਰਹੀ ਹੈ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਜੋ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਨਾਉਣ ਜਾ ਰਹੀ ਹੈ, ਉਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਐਲਾਨ ਕਰੇ ਅਤੇ ਐਨ.ਪੀ.ਐਸ ਦੇ ਖਾਤੇ ਬੰਦ ਕਰਕੇ ਜੀ.ਪੀ.ਐਫ ਦੇ ਖਾਤੇ ਤੁਰੰਤ ਖੋਲੇ। ਉਹਨਾਂ ਸਾਰੇ ਮੁਲਾਜ਼ਮਾਂ ਨੂੰ 25 ਨਵੰਬਰ ਦੀ ਦਿੱਲੀ ਵਿਖੇ ਹੋਣ ਜਾ ਰਹੀ ਇਤਿਹਾਸਿਕ ਮਹਾਂਰੈਲੀ ਦੀ ਜੋਰ-ਸ਼ੋਰ ਨਾਲ ਤਿਆਰੀ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬ ਤੋਂ ਐਨਪੀਐਸ ਕਰਮਚਾਰੀ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਲੇਖ ਰਾਜ ਪੰਜਾਬੀ, ਸੁਸ਼ੀਲ ਕੁਮਾਰ, ਅਮਨਦੀਪ, ਰਾਧੇਸ਼ਾਮ, ਗੁਰਿੰਦਰ ਸਿੰਘ, ਅਨਿਲ ਕੁਮਾਰ, ਸੰਦੀਪ ਕੁਮਾਰ, ਰਾਜਿੰਦਰ ਕੁਮਾਰ, ਪ੍ਰਮਜੀਤ ਸੁਮਨ, ਰਾਜਦੀਪ ਕੌਰ, ਆਰਤੀ, ਰੀਨਾ ਰਾਣੀ, ਹਰਦੀਪ ਕੌਰ, ਸਵਰਨਜੀਤ ਕੌਰ, ਗੁਰਪਰੀਤ ਕੌਰ, ਆਦਿ ਹਾਜ਼ਰ ਸਨ।

ਸਧਾਰਣ ਜੀਵਨ ਅਤੇ ਉੱਚੀ ਸੋਚ

ਮੌਜੂਦਾ ਦੌਰ ਖਪਤ ਅਤੇ ਪਦਾਰਥਵਾਦ ਨਾਲ ਜੁੜੇ ਹੋਣ ਲਈ ਪਰਿਭਾਸ਼ਿਤ ਹੈ, "ਸਧਾਰਣ ਜੀਵਨ ਅਤੇ ਉੱਚੀ ਸੋਚ" ਦਾ ਵਿਚਾਰ ਉਹਨਾਂ ਲੋਕਾਂ ਲਈ ਉਮੀਦ ਦਾ ਇੱਕ ਪ੍ਰਕਾਸ਼ ਪੁੰਜ ਬਣ ਕੇ ਉੱਭਰਿਆ ਹੈ ਜੋ ਆਪਣੇ ਜੀਵਨ ਵਿੱਚ ਸੰਤੋਸ਼ ਦੀ ਖੋਜ ਕਰ ਰਹੇ ਹਨ। ਇਹ ਦਰਸ਼ਨ ਜੋ ਕਿ ਘੱਟਵਾਦ ਅਤੇ ਸਹਿਣਸ਼ੀਲਤਾ ਦੇ ਸਿਧਾਂਤ ਵਿੱਚ ਮੂਲ ਰੱਖਦਾ ਹੈ, ਵਿਅਕਤੀਆਂ ਨੂੰ ਆਧੁਨਿਕ ਜੀਵਨ ਦੇ ਬੇਲੋੜੇ ਪਦਾਰਥਾਂ ਤੋ ਧਿਆਨ ਹਟਾਉਣ ਅਤੇ ਮਾਨਸਿਕ ਸੰਤੋਸ਼ ਤੇ ਕੇਂਦਰਿਤ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਅਸਲ ਵਿੱਚ ਕੀ ਮਹੱਤਵਪੂਰਨ ਹੈ। ਨਿੱਜੀ ਵਿਕਾਸ, ਅਰਥਪੂਰਨ ਸੰਬੰਧ ਅਤੇ ਆਪਣੇ ਆਸ-ਪਾਸ ਦੀ ਦੁਨੀਆ ਨਾਲ ਡੂੰਘਾ ਜੁੜਾਅ ਸਾਧਾ ਜੀਵਨ ਨਿਰਧਾਰਿਤ ਕਰਦਾ ਹੈ।

ਸਧਾਰਣ ਜੀਵਨ ਨੂੰ ਸਮਝਣਾ

ਸਧਾਰਣ ਜੀਵਨ ਸਿਰਫ ਤੁਹਾਡੇ ਘਰ ਨੂੰ ਸਾਫ ਕਰਨ ਜਾਂ ਤੁਹਾਡੇ ਸਮਾਨ ਦੀ ਗਿਣਤੀ ਘਟਾਉਣ ਬਾਰੇ ਨਹੀਂ ਹੈ; ਇਹ ਜੀਵਨ ਦਾ ਇੱਕ ਸਮੂਹਿਕ ਦ੍ਰਿਸ਼ਟੀਕੋਣ ਹੈ ਜੋ ਗੁਣ ਨੂੰ ਮਾਤਰਾ ਤੋਂ ਵੱਧ ਮਹੱਤਵ ਦਿੰਦਾ ਹੈ। ਸਧਾਰਣ ਜੀਵਨ ਦੇ ਵਕੀਲ ਹਰ ਪੱਖ ਤੋਂ ਇਰਾਦੇ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ ਜਿਸ ਵਿੱਚ ਇਹ ਸ਼ਾਮਲ ਹੈ ਕਿ ਅਸੀਂ ਕੀ ਖਰੀਦਣ ਬਾਰੇ ਫੈਸਲੇ ਕਰਦੇ ਹਾਂ, ਅਤੇ ਅਸੀਂ ਆਪਣਾ ਸਮਾਂ ਕਿਵੇਂ ਬਿਤਾਉਂਦੇ ਹਾਂ।

1. ਆਪਣੀ ਜਗ੍ਹਾ ਨੂੰ ਸਾਫ ਕਰੋ: ਸ਼ੁਰੂਆਤ ਕਰੋ ਉਹਨਾਂ ਚੀਜ਼ਾਂ ਨੂੰ ਹਟਾਉਣ ਨਾਲ ਜੋ ਹੁਣ ਤੁਹਾਡੇ ਜੀਵਨ ਵਿੱਚ ਕੋਈ ਉਦੇਸ਼ ਨਹੀਂ ਰੱਖਦੀਆਂ। ਇਸ ਨਾਲ ਇੱਕ ਸ਼ਾਂਤ ਮਾਹੌਲ ਬਣ ਸਕਦਾ ਹੈ ਅਤੇ ਤੁਹਾਨੂੰ ਅਸਲ ਵਿੱਚ ਕੀ ਮਹੱਤਵਪੂਰਨ ਹੈ, ਉਸ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਆਜ਼ਾਦੀ ਮਿਲਦੀ ਹੈ।

2. ਡਿਜੀਟਲ ਧਿਆਨਾਂ ਨੂੰ ਸੀਮਿਤ ਕਰੋ: ਸਾਡੇ ਹਾਈਪਰ-ਜੁੜੇ ਹੋਏ ਸੰਸਾਰ ਵਿੱਚ, ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿੱਚ ਖੋ ਜਾਣਾ ਆਸਾਨ ਹੈ। ਈਮੇਲ ਅਤੇ ਸੋਸ਼ਲ ਮੀਡੀਆ ਜਾਂਚਣ ਲਈ ਵਿਸ਼ੇਸ਼ ਸਮੇਂ ਦੀ ਨਿਯੁਕਤੀ ਕਰੋ ਤਾਂ ਕਿ ਤੁਸੀਂ ਆਪਣਾ ਸਮਾਂ ਅਤੇ ਮਾਨਸਿਕ ਊਰਜਾ ਮੁੜ ਪ੍ਰਾਪਤ ਕਰ ਸਕੋ।

3. ਸਹਿਣਸ਼ੀਲਤਾ ਦਾ ਅਭਿਆਸ ਕਰੋ: ਸਹਿਣਸ਼ੀਲਤਾ ਦੇ ਅਭਿਆਸਾਂ ਵਿੱਚ ਸ਼ਾਮਲ ਹੋਵੋ ਜਿਵੇਂ ਕਿ ਧਿਆਨ ਜਾਂ ਯੋਗਾ, ਜੋ ਤੁਹਾਨੂੰ ਮੌਜੂਦਾ ਪਲ ਵਿੱਚ ਜ਼ਮੀਨੀ ਹਕੀਕਤ 'ਤੇ ਲਿਆਉਂਦੇ ਹਨ ਅਤੇ ਤੁਹਾਡੇ ਆਪ ਅਤੇ ਆਪਣੇ ਆਸ-ਪਾਸ ਦੀ ਦੁਨੀਆ ਨਾਲ ਡੂੰਘਾ ਜੁੜਾਅ ਪੈਦਾ ਕਰਦੇ ਹਨ।

ਉੱਚ ਸੋਚ ਨੂੰ ਵਿਕਸਤ ਕਰਨਾ

ਉੱਚ ਸੋਚ ਦਾ ਮਤਲਬ ਆਪਣੇ ਵਿਚਾਰਾਂ ਅਤੇ ਆਸਾਂ ਨੂੰ ਆਮ ਤੋਂ ਉੱਚਾ ਉਠਾਉਣਾ ਹੈ। ਇਹ ਵਿਅਕਤੀਆਂ ਨੂੰ ਗਿਆਨ, ਰਚਨਾਤਮਕਤਾ, ਅਤੇ ਕਰੁਣਾ ਦੀ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ, ਜਿਸ ਨਾਲ ਇੱਕ ਵੱਧ ਸੰਤੋਸ਼ਜਨਕ ਜੀਵਨ ਬਣਦਾ ਹੈ।

1. ਨਿਰੰਤਰ ਸਿੱਖਣਾ: ਨਿਰੰਤਰ ਸਿੱਖਣ ਲਈ ਵਚਨਬੱਧ ਹੋਵੋ, ਚਾਹੇ ਉਹ ਫਾਰਮਲ ਕਲਾਸਾਂ ਰਾਹੀਂ ਹੋਵੇ, ਕਿਤਾਬਾਂ ਪੜ੍ਹ ਕੇ, ਜਾਂ ਹੋਰਾਂ ਨਾਲ ਗੱਲਬਾਤ ਕਰਕੇ। ਗਿਆਨ ਸਾਡੇ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਉਂਦਾ ਹੈ ਅਤੇ ਸੰਸਾਰ ਦੀ ਸਮਝ ਨੂੰ ਵਧਾਉਂਦਾ ਹੈ।

2. ਅਰਥਪੂਰਨ ਗੱਲਬਾਤਾਂ ਵਿੱਚ ਸ਼ਾਮਲ ਹੋਵੋ: ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲ ਘੇਰੋ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ। ਡੂੰਘੀਆਂ ਗੱਲਬਾਤਾਂ ਵਿੱਚ ਸ਼ਾਮਲ ਹੋਣਾ ਨਵੇਂ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਉਤਪੰਨ ਕਰ ਸਕਦਾ ਹੈ, ਜੋ ਨਿੱਜੀ ਵਿਕਾਸ ਨੂੰ ਪ੍ਰੋਤਸਾਹਿਤ ਕਰਦਾ ਹੈ।

3. ਸੰਤੋਸ਼ ਦਾ ਅਭਿਆਸ ਕਰੋ: ਨਿਯਮਿਤ ਤੌਰ 'ਤੇ ਇਹ ਸੋਚਣਾ ਕਿ ਤੁਸੀਂ ਕਿਸ ਲਈ ਧੰਨਵਾਦੀ ਹੋ, ਤੁਹਾਡੇ ਮਨੋਭਾਵ ਨੂੰ ਘਟਾਅ ਤੋਂ ਵੱਧ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ, ਤੁਹਾਡੇ ਕੁੱਲ ਖੁਸ਼ੀ ਅਤੇ ਸੁਖ-ਸੰਤੋਸ਼ ਨੂੰ ਵਧਾਉਂਦਾ ਹੈ।

ਸਧਾਰਣ ਜੀਵਨ ਅਤੇ ਉੱਚ ਸੋਚ ਦਾ ਟੀਚਾ

ਸਧਾਰਣ ਜੀਵਨ ਅਤੇ ਉੱਚ ਸੋਚ ਦੇ ਵਿਚਕਾਰ ਸਹਿਯੋਗ ਇੱਕ ਸ਼ਕਤੀਸ਼ਾਲੀ ਢਾਂਚਾ ਬਣਾਉਂਦਾ ਹੈ ਜੋ ਨਿੱਜੀ ਸੰਤੋਸ਼ ਲਈ ਲੋੜੀਂਦਾ ਹੈ। ਸਾਡੇ ਜੀਵਨ ਨੂੰ ਸਧਾਰਿਤ ਕਰਕੇ, ਅਸੀਂ ਡੂੰਘੇ ਵਿਚਾਰਾਂ ਅਤੇ ਜੁੜਾਵਾਂ ਲਈ ਥਾਂ ਬਣਾਉਂਦੇ ਹਾਂ। ਇੱਥੇ ਕੁਝ ਕਾਰਗਰ ਕਦਮ ਹਨ ਜੋ ਦੋਹਾਂ ਦਰਸ਼ਨਾਂ ਨੂੰ ਇਕੱਠੇ ਕਰਨ ਲਈ:

- ਪੱਕੇ ਇਰਾਦੇ ਵਾਲੇ ਟੀਚੇ ਬਣਾਓ: ਉਹਨਾਂ ਚੀਜ਼ਾਂ ਦੀ ਪਛਾਣ ਕਰੋ ਜੋ ਤੁਹਾਡੇ ਲਈ ਅਸਲ ਵਿੱਚ ਮਹੱਤਵਪੂਰਨ ਹਨ - ਚਾਹੇ ਉਹ ਕੈਰੀਅਰ ਦੇ ਟੀਚੇ, ਨਿੱਜੀ ਸੰਬੰਧ ਜਾਂ ਰਚਨਾਤਮਕ ਯਤਨਾਂ ਦੇ ਬਾਰੇ ਹੋਵੇ ਅਤੇ ਆਪਣੇ ਕੰਮ ਨੂੰ ਇਨ੍ਹਾਂ ਲਕਸ਼ਾਂ ਨਾਲ ਮੇਲ ਖਾਣ ਵਾਲਾ ਬਣਾਓ।
- ਸੇਵਾ ਕਰੋ ਅਤੇ ਸਮਾਜ ਨਾਲ ਜੁੜੋ: ਆਪਣੇ ਸਮਾਜ ਨਾਲ ਜੁੜਨਾ ਇੱਕ ਉਦੇਸ਼ ਅਤੇ ਸੰਬੰਧ ਦਾ ਅਹਿਸਾਸ ਪ੍ਰਦਾਨ ਕਰ ਸਕਦਾ ਹੈ। ਸਵੈ ਇੱਛਤ ਸੇਵਾ ਦਾ ਸਿਧਾਂਤ ਨਾ ਸਿਰਫ ਹੋਰਨਾਂ ਦੀ ਮਦਦ ਕਰਦਾ ਹੈ ਪਰ ਤਹਾਡੇ ਆਪਣੇ ਜੀਵਨ ਵਿੱਚ ਸੰਤੋਸ਼ਜਨਕ ਦ੍ਰਿਸ਼ਟੀਕੋਣ ਨੂੰ ਵੀ ਪੈਦਾ ਕਰਦਾ ਹੈ।
- ਕੁਦਰਤ ਨਾਲ ਜੁੜੋ: ਬਾਹਰ ਸਮੇਂ ਬਿਤਾਉਣਾ ਮਨ ਅਤੇ ਆਤਮਾ ਨੂੰ ਤਾਜ਼ਗੀ ਦੇ ਸਕਦਾ ਹੈ। ਕੁਦਰਤ ਇੱਕ ਅਜਿਹਾ ਤਰੀਕਾ ਹੈ ਜੋ ਸਾਨੂੰ ਸਧਾਰਣਤਾ ਵਿੱਚ ਸੁੰਦਰਤਾ ਦੀ ਯਾਦ ਦਿਵਾਉਂਦਾ ਹੈ।

ਅਸੀਂ ਆਧੁਨਿਕ ਜੀਵਨ ਦੇ ਸੁੱਖ ਸਾਧਨਾਂ ਦੀ ਵਰਤੋਂ ਕਰਦੇ ਹਾਂ ਇਸ ਦੇ ਨਾਲ ਨਾਲ ਸਧਾਰਣ ਜੀਵਨ ਅਤੇ ਉੱਚ ਸੋਚ ਦੇ ਨਿਯਮ ਵੱਧ ਸੰਤੋਸ਼ ਪ੍ਰਾਪਤ ਕਰਨ ਲਈ ਇੱਕ ਰਾਹ ਦਸੇਰਾ ਬਣ ਕੇ ਉੱਭਰਦੇ ਹਨ। ਆਪਣੇ ਜੀਵਨ ਨੂੰ ਇਰਾਦੇ ਨਾਲ ਸੁਧਾਰ ਕੇ ਅਤੇ ਆਪਣੇ ਵਿਚਾਰਾਂ ਨੂੰ ਉੱਚਾ ਉਠਾ ਕੇ, ਅਸੀਂ ਇੱਕ ਐਸੀ ਸ਼ਾਂਤੀ, ਉਦੇਸ਼, ਅਤੇ ਜੁੜਾਅ ਦਾ ਅਹਿਸਾਸ ਪੈਦਾ ਕਰ ਸਕਦੇ ਹਾਂ ਜੋ ਪਦਾਰਥਵਾਦ ਤੋਂ ਵਿਲੱਖਣ ਹੈ। ਇਸ ਖੋਜ ਵਿੱਚ ਅਸੀਂ ਨਾ ਸਿਰਫ ਜੀਵਨ ਜੀਉਣ ਦਾ ਇੱਕ ਤਰੀਕਾ ਲੱਭਣ ਵਿੱਚ ਕਾਮਯਾਬ ਹੋਵਾਂਗੇ ਪਰ ਨਾਲ ਹੀ ਉਸ ਤਰੀਕੇ ਨਾਲ ਚੜ੍ਹਦੀ ਕਲਾ ਵਾਲਾ ਮੁਕਾਮ ਵੀ ਹਾਸਿਲ ਕਰਾਂਗੇ।

ਪ੍ਰਥਮ ਦ੍ਰਿਸ਼ਟੀ ਵਿੱਚ ਇਹਨਾਂ ਪ੍ਰੈਕਟਿਸਾਂ ਨੂੰ ਆਪਣੇ ਰੋਜਾਨਾ ਵਿੱਚ ਸ਼ਾਮਿਲ ਕਰਨਾ ਔਖਾ ਲੱਗ ਸਕਦਾ ਹੈ, ਪਰ ਛੋਟੇ ਛੋਟੇ ਤੇ ਲਗਾਤਾਰ ਬਦਲਾਅ ਵੱਡੀਆਂ ਤਬਦੀਲੀਆਂ ਪੈਦਾ ਕਰ ਸਕਦੇ ਹਨ। ਜਿਵੇਂ ਜਿਵੇਂ ਹੋਰ ਵਿਅਕਤੀ ਇਸ ਦਰਸ਼ਨ ਨੂੰ ਗਲੇ ਲਗਾਉਂਦੇ ਹਨ, ਅਸੀਂ ਇੱਕ ਵੱਧ ਸੋਚਣ ਵਾਲੇ ਕਰੁਣਾਵਾਨ ਸਮਾਜ ਵੱਲ ਵੱਧ ਰਹੇ ਹਾਂ - ਇੱਕ ਐਸਾ ਸਮਾਜ ਜੋ ਡੂੰਘਾਈ ਨੂੰ ਧਿਆਨ ਦਿੰਦਾ ਹੈ ਅਤੇ ਵਿਘਟਨ ਤੋਂ ਪਰੇ ਗੱਲਾਂ ਦੀ ਕੀਮਤ ਦਿੰਦਾ ਹੈ।

ਕਾਰਵਾਈ ਦਾ ਆਹਵਾਨ

ਕੀ ਤੁਸੀਂ ਸਾਦਾ ਜੀਵਨ ਅਤੇ ਉੱਚ ਸੋਚ ਵੱਲ ਇਸ ਯਾਤਰਾ 'ਤੇ ਚੱਲਣ ਲਈ ਤਿਆਰ ਹੋ? ਅੱਜ ਹੀ ਇੱਕ ਛੋਟਾ ਕਦਮ ਚੁੱਕੋ, ਜਿਵੇਂ ਕਿ ਆਪਣੇ ਹੰਕਾਰ ਨੂੰ ਘਟਾਉਣਾ ਜਾਂ ਕੋਈ ਅਰਥਪੂਰਕ ਗੱਲਬਾਤ ਕਰਨਾ। ਸੰਤੋਸ਼ ਦੀ ਰਾਹ ਤੁਹਾਨੂੰ ਆਪ ਹੀ ਲੱਭਣੀ ਤੇ ਬਣਾਉਣੀ ਪੈਣੀ ਹੈ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅਮ੍ਰਿਤਸਰ ਸਾਹਿਬ
ਪੰਜਾਬ।

ਠੰਡ ਤੇ ਧੁੰਦ ਦੇ ਮੱਦੇਨਜ਼ਰ ਐਸ ਐਸ ਐਫ ਟੀਮ ਵਲੋਂ ਵਾਹਨਾਂ ਨੂੰ ਰਿਫਲੈਕਟਰ ਤੇ ਸੀਮੈਂਟ ਬ੍ਰੇਕਰਾ ਨੂੰ ਲਗਾਈ ਚਮਕੀਲੀ ਟੇਪ ਤਾਂ ਕਿ ਧੁੰਦ ਨਾਲ ਹਾਦਸਾ ਨਾ ਵਾਪਰ ਸਕੇ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ) ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਸਥਿਤ ਟੋਲ ਪਲਾਜ਼ਾ ਬੱਛੂਆਂ ਤੇ ਧੁੰਦ ਤੇ ਠੰਡ ਦੇ ਮੱਦੇਨਜ਼ਰ ਐਸਐਸਐਫ ਟੀਮ ਵਲੋਂ ਵਾਹਨਾਂ ਨੂੰ ਰਿਫਲੈਕਟਰ ਤੇ ਸੀਮੈਂਟ ਬ੍ਰੇਕਰਾ ਨੂੰ ਚਮਕੀਲੀ ਟੇਪ ਲਗਾਈ ਤਾਂ ਕਿ ਧੁੰਦ ਵਿੱਚ ਹੋਣ ਵਾਲੇ ਹਾਦਸਿਆਂ ਨੂੰ ਠੱਲ ਪਾਈ ਜਾ ਸਕੇ ਛਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏਐਸਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦਾ ਬਾਰੇ ਜਾਗਰੂਕ ਕਰਨ ਦੇ ਨਾਲ ਉਨ੍ਹਾਂ ਟਰੈਕਟਰ ਟਰਾਲੀਆਂ ਤੇ ਬਲੈਰੋ ਪਿੱਕਅਪ ਜੀਪਾ , ਛੋਟੇ ਹਾਥੀ ਤੇ ਹੋਰ ਅਨੇਕਾਂ ਵਾਹਨਾਂ ਨੂੰ ਰਿਫਲੈਕਟਰ ਲਗਾਏ ਛ ਉਨ੍ਹਾਂ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਤੇ ਸੀਮੈਂਟ ਬ੍ਰੇਕਰਾ (ਰੋਕਾ) ਨੂੰ ਵੀ ਚਮਕੀਲੀ ਟੇਪ ਲਗਾਈ ਤਾਂ ਕਿ ਧੁੰਦ ਵਿੱਚ ਵਾਹਨਾਂ ਦੀ ਲਾਈਟ ਨਾਲ ਚਮਕ ਸਕੇ ਤੇ ਕੋਈ ਹਾਦਸੇ ਹੋਣ ਤੋ ਬਚਾਅ ਹੋ ਸਕੇ ਛ ਉਨ੍ਹਾਂ ਵਾਹਨ ਚਾਲਕਾਂ ਨੂੰ ਹੌਲੀ ਤੇ ਧੀਮੀ ਗਤੀ ਨਾਲ ਚੱਲਣ ਲਈ ਅਪੀਲ ਕੀਤੀ ਛਤਾਂ ਜੋ ਹਾਦਸਿਆਂ ਦਾ ਬਚਾਅ ਹੋ ਸਕੇ ।

ਅੱਪਰਾ ਫਿਲੌਰ ਰੋਡ ਸੀਕੋ ਪੈਲਸ ਨੇੜੇ ਤੇਜ ਰਫਤਾਰ ਟਰੈਕਟਰ ਟਰਾਲੀ ਦੀ ਸਵਾਰੀਆਂ ਨਾਲ ਭਰੀ ਟੈਂਪੋ ਟਰੈਵਲਰ ਨਾਲ ਟੱਕਰ

ਫਿਲੌਰ/ਅੱਪਰਾ, ਦੀਪਾ– ਅੱਪਰਾ-ਫਿਲੌਰ ਮੁੱਖ ਮਾਰਗ 'ਤੇ ਸੀਕ ਪੈਲੇਸ ਦੇ ਨਜ਼ਦੀਕ ਤੇਜ਼ ਰਫ਼ਤਾਰ ਟਰੈਕਟਰ ਟਰਾਲੀ ਦੀ ਸਵਾਰੀਆਂ ਨਾਲ ਭਰੀ ਟੈਂਪੋ ਟਰੈਵਲਰ ਨਾਲ ਟੱਕਰ ਹੋ ਗਈ, ਪਰ ਕੋਈ ਵੀ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਟੈਂਪੋ ਟਰੈਵਲਰ ਦੇ ਡਰਾਈਵਰ ਡਿੰਪੀ ਨੇ ਦੱਸਿਆ ਕਿ ਉਹ ਪੀ ਬੀ 01 ਬੀ 0385 ਨੰਬਰ ਟੈਂਪੋ ਟਰੈਵਲਰ 'ਚ ਸਵਾਰੀਆਂ ਲੈ ਕੇ ਫਿਲੌਰ ਸਾਈਡ ਤੋਂ ਅੱਪਰਾ ਵੱਲ ਆ ਰਿਹਾ ਸੀ। ਸੀਕੋ ਪੈਲੇਸ ਦੇ ਨਜ਼ਦੀਕ ਅਚਾਨਕ ਹੀ ਅੱਪਰੇ ਵਲੋਂ ਆ ਰਿਹਾ ਤੇਜ਼ ਰਫ਼ਤਾਰ ਟਰੈਕਟਰ ਟਰਾਲੀ ਗੁਰਤੇਗ ਰਾਈਸ ਮਿੱਲ ਦੇ ਟਰੱਕ ਪੀ ਬੀ 08 ਏ ਕਿਯੂ 7585 ਨਾਲ ਟਕਰਾਉਣ ਤੋਂ ਬਾਅਦ ਬੇਕਾਬੂ ਹੋ ਕੇ ਟਰੈਵਲਰ ਨਾਲ ਟਕਰਾ ਗਿਆ। ਟਰੈਕਟਰ ਇੰਨਾ ਤੇਜ਼ ਰਫ਼ਤਾਰ ਸੀ ਕਿ ਟੱਕਰ ਹੋਣ ਉਪਰੰਤ ਟਰੈਕਟਰ ਦਾ ਅਗਲਾ ਹਿੱਸਾ ਅਤੇ ਟਰੈਵਲਰ ਦੀ ਇੱਕ ਸਾਈਡ ਭਿਆਨਕ ਰੂਪ 'ਚ ਨੁਕਸਾਨੇ ਗਏ। ਟਰੈਵਲਰ ਸੜਕ ਤੋਂ ਹੇਠਾਂ ਉਤਰ ਗਈ, ਪਰ ਸਵਾਰੀਆਂ ਦੇ ਮਮੂਲੀ ਸੱਟਾਂ ਲੱਗੀਆਂ ਤੇ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਇਹ ਓਵਰਲੋਡ ਟਰੈਕਟਰ ਟਰਾਲੀਆਂ ਹਰ ਰੋਜ਼ ਰਾਤ ਨੂੰ ਲੁਧਿਆਣਾ ਵਾਲੇ ਪਾਸੇ ਤੋਂ ਤੂੜੀ ਲੂ ਕੇ ਸੈਲਾ ਖੁਰਦ ਵੱਲ ਜਾਂਦੀਆਂ ਹਨ। ਦਿਨ ਸਮੇਂ ਜਦੋਂ ਇਹ ਟਰੈਕਟਰ ਟਰਾਲੀਆਂ ਵਾਪਸ ਆਉਂਦੇ ਹਨ ਤਾਂ ਤੇਜ਼ ਰਫ਼ਤਾਰੀ ਨਾਲ ਮੌਤ ਨੂੰ ਮਖੌਲਾਂ ਕਰਦੇ ਲੰਘਦੇ ਹਨ ਕਿਸੇ ਗੱਡੀ ਵਾਲੇ ਨੂੰ ਸਾਈਡ ਵੀ ਨਹੀਂ ਦਿੰਦੇ ਅਤੇ ਆਏ ਦਿਨ ਹੀ ਕਿਸੇ ਨਾ ਕਿਸੇ ਹਾਦਸੇ ਦਾ ਕਾਰਨ ਬਣਦੇ ਹਨ। ਪ੍ਰਸਾਸ਼ਨ ਵਲੋਂ ਇਹਨਾਂ ਦੀ ਤੇਜ਼ ਰਫ਼ਤਾਰੀ ਅਤੇ ਓਵਰਲੋਡ ਚੱਲਣ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਹਿੰਦ ਦੀ ਚਾਦਰ, ਸ਼੍ਰੀ ਗੁਰੂ ਤੇਗ ਬਹਾਦਰ ਜੀ

ਤਿਆਗ ਮੱਲ ਤੋਂ ਨਾਂ ਵਟਾ ਕੇ ,

ਡੁਬਦੀ ਹਿੰਦ ਦੀ ਅਣਖ ਬਚਾ ਕੇ,

ਜੰਗ ਵਿੱਚ ਐਸੀ ਤੇਗ ਚਲਾਈ ,

ਬਣੇਂ ਸੀ ਹਿੰਦ ਦੀ ਚਾਦਰ ਜੀ ।

ਧੰਨ ਗੁਰੂ ਤੇਗ ਬਹਾਦਰ ਜੀ ,

ਸ਼੍ਰੀ ਗੁਰੂ ਤੇਗ ਬਹਾਦਰ ਜੀ ।

ਸਰਬ੍ਹ ਧਰਮ ਦੀ ਰੱਖਿਆ ਖ਼ਾਤਰ ਦਿੱਤੀ ਸੀ ਕੁਰਬਾਨੀ ।

ਕੁਰਬਾਨੀ ਵੀ ਐਸੀ ਜਿਸ ਦਾ ਜੱਗ ਵਿੱਚ ਕੋਈ ਨਾ ਸਾਨੀ।

ਤਿਲਕ ਅਤੇ ਜੰਜੂ ਦਾ ਹੁੰਦਾ ਝੱਲ ਨਾ ਹੋਇਆ ਨਿਰਾਦਰ ਜੀ।

ਧੰਨ ਗੁਰੂ ਤੇਗ ਬਹਾਦਰ ਜੀ ,

ਸ਼੍ਰੀ ਗੁਰੂ ਤੇਗ ਬਹਾਦਰ ਜੀ।

ਹਰ ਇੱਕ ਸ਼ਖ਼ਸ ਦੇ ਪਿੱਛੇ ਉਸ ਦੀ ਮਾਂ ਦੀ ਤਾਕਤ ਹੁੰਦੀ ।

ਪਿਓ ਗੁਰੂ ਦੇ ਸੰਸਕਾਰਾਂ ਤੋਂ ਮਿਲੀ ਵਿਰਾਸਤ ਹੁੰਦੀ।

ਭਗਤੀ ਅੱਗੇ ਝੁਕਦੇ ਵੇਖੇ ਜੱਗ ਨੇ ਵੱਡੇ ਨਾਦਰ ਜੀ ।

ਧੰਨ ਗੁਰੂ ਤੇਗ ਬਹਾਦਰ ਜੀ ।

ਸ਼੍ਰੀ ਗੁਰੂ ਤੇਗ ਬਹਾਦਰ ਜੀ ।

ਨੌਂ ਸਾਲਾਂ ਦੇ ਪੁੱਤ ਨੇ ਵੀ ਸੀ ਕੀਤੀ ਗੱਲ ਨਿਰਾਲੀ ।

ਸਾਰਾ ਹੀ ਸਰਬੰਸ ਵਾਰ ਕੇ ਐਸੀ ਘਾਲਣਾਂ ਘਾਲੀ ।

ਅੱਜ ਵੀ ਸਾਰੀ ਕੌਮ ਸਮਝਦੀ ਉਸ ਨੂੰ ਅਪਣਾ ਫਾਦਰ ਜੀ।

ਧੰਨ ਗੁਰੂ ਤੇਗ ਬਹਾਦਰ ਜੀ ,

ਸ਼੍ਰੀ ਗੁਰੂ ਤੇਗ ਬਹਾਦਰ ਜੀ ।

ਮਤੀ ਦਾਸ ਨਾਲ਼ ਸਤੀ ਦਾਸ ਤੇ ਤੀਜਾ ਭਾਈ ਦਿਆਲਾ ।

ਤੁਸਾਂ ਤੋਂ ਪਹਿਲਾਂ ਸੀਸ ਵਾਰ ਕੇ ਕੀਤਾ ਕੰਮ ਨਿਰਾਲਾ ।

ਪਿੰਡ ਰੰਚਣਾਂ ਵਾਲ਼ਾ ਤਾਈਓਂ ਅੱਜ ਵੀ ਕਰਦਾ ਆਦਰ ਜੀ ।

ਧੰਨ ਗੁਰੂ ਤੇਗ ਬਹਾਦਰ ਜੀ ,

ਸ਼੍ਰੀ ਗੁਰੂ ਤੇਗ ਬਹਾਦਰ ਜੀ ।

ਮੂਲ ਚੰਦ ਸ਼ਰਮਾ ਪ੍ਰਧਾਨ
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਜਦੋਂ ਮਿਲਦੇ ਮੁਰਸ਼ਦ ਨੇ, ਰੱਬ ਦੇ ਪਿਆਰੇ

ਉਦੋਂ ਬੇੜੀ ਜੀਵਨ ਦੀ,ਲੱਗਦੀ ਕਿਨਾਰੇ।
ਜੋ ਪਿਆਰਾਂ ਦੀ ਮੰਡੀ'ਚ ਚੰਮ ਦੇ ਵਪਾਰੀ,
ਕੀ ਜਾਨਣ ਇਸ਼ਕ ਨੂੰ,ਉਹ ਕਰਮਾਂ ਦੇ ਮਾਰੇ।
ਹੈ ਜਾਤਾਂ ਤੇ ਪਾਤਾਂ ਤੋਂ, ਮੈਅ ਖਾਨਾ ਚੰਗਾ,
ਜਿੱਥੇ ਜਾ ਇਕੱਠੇ ,ਹੋ ਬਹਿੰਦੇ ਨੇ ਸਾਰੇ।
ਇਹ ਦੌਲਤ ,ਇਹ ਸ਼ੋਹਰਤ ,ਇਹ ਰੰਗ ਤੇ ਤਮਾਸ਼ੇ,
ਇਹ ਦਿਨ-ਰੈਣ ਵਾਂਗਰ ਬਦਲਦੇ ਨਜ਼ਾਰੇ।
ਭਟਕਦੇ ਨੇ ਰਹਿੰਦੇ, ਹਨ੍ਹੇਰੇ ਦੇ ਪਾਂਧੀ,
ਜੋ ਸੂਰਜ ਦੇ ਹਾਣੀ,ਉਹ ਬਣਦੇ ਸਿਤਾਰੇ।
ਤੁਰੇਂਗਾ ਜੇ ਬੰਨ੍ਹਕੇ ਕੁਕਰਮਾਂ ਦੀ ਗਠੜੀ,
ਸਿੱਕੇ ਖੋਟੇ ਚਲਦੇ ਨਾਂ,ਸੱਚ ਦੇ ਬਜਾਰੇ।
ਲਹਿਰਾਉਣਾ ਜੋ ਚਾਹੁੰਦੇ ਸੀ, ਦੁਨੀਆਂ ਤੇ ਪਰਚਮ,
ਸਿਕੰਦਰ ਜਿਹੇ ਵੀ, ਸਮੇਂ ਨੇ ਨਕਾਰੇ।
ਸੰਭਾਲੋ ਐ ਯਾਰੋ,ਮਨੁੱਖਤਾ ਦੀ ਬਸਤੀ,
ਜਿੱਥੇ ਪਿਆਰ ਜਿੱਤੇ ਤੇ ਹੰਕਾਰ ਸਾਰੇ।
ਚਲੋ'ਹੇਅਰ' ਵਾਂਗਰ ਸਿੱਖੀਏ ਜਿਊਣਾਂ,
ਜੋ ਜੀਵਨ ਦੇ ਦੋ ਪਲ ,ਮਿਲੇ ਨੇ ਉਧਾਰੇ।

ਪਰਵਿੰਦਰ ਸਿੰਘ ਹੇਅਰ

ਤਦ ਤੱਕ ਚੱਲਦਾ ਹੈ

ਪੈਸੇ ਲੈਂਦੇ ਦਿੰਦੇ ਰਹੋ
ਤਦ ਤੱਕ ਵਪਾਰ ਚੱਲਦਾ ਹੈ
ਇੱਜਤ ਦਿੰਦੇ ਲੈਂਦੇ ਰਹੋ
ਤਦ ਤੱਕ ਸੰਬੰਧ ਚਲਦਾ ਹੈ।
ਕਿਸੇ ਦੀ ਮਦਦ ਕਰਦੇ ਰਹੋ
ਤਦ ਤੱਕ ਦੁਆਵਾਂ ਮਿਲਦੀਆਂ ਹਨ।
ਜਦ ਤੱਕ ਕਿਸੇ ਨੂੰ ਪਿਆਰ ਦਿੰਦੇ ਰਹੋ
ਉਦੋਂ ਤੱਕ ਹੀ ਪਿਆਰ ਮਿਲਦਾ ਰਹਿੰਦਾ ਹੈ।
ਜਦ ਤੱਕ ਤੁਸੀਂ ਸੱਚ ਬੋਲਦੇ ਰਹੋ
ਉਦੋਂ ਤੱਕ ਹੀ ਮਨ ਸ਼ਾਂਤ ਰਹਿੰਦਾ ਹੈ।
ਜਦੋਂ ਤੱਕ ਕਸਰਤ ਕਰਦੇ ਰਹੋ
ਉਦੋਂ ਤੱਕ ਹੀ ਸਰੀਰ ਠੀਕ ਰਹਿੰਦਾ ਹੈ।
ਜਦੋਂ ਤੱਕ ਅਧਿਐਨ ਕਰਦੇ ਰਹੋ
ਉਦੋਂ ਤੱਕ ਗਿਆਨ ਵਿੱਚ ਵਾਧਾ ਹੁੰਦਾ ਹੈ।
ਜਦੋਂ ਤੱਕ ਹੀ ਸਾਹ ਚੱਲਦਾ ਰਹੇ
ਉਦੋਂ ਤੱਕ ਹੀ ਬੰਦਾ ਜਿਉਂਦਾ ਰਹਿੰਦਾ ਹੈ।
ਜਦੋਂ ਇੱਕ ਦੂਜੇ ਦਾ ਵਿਸ਼ਵਾਸ ਖਤਮ ਹੋ ਜਾਵੇ
ਇੱਕ ਦੂਜੇ ਦਾ ਸਬੰਧ ਟੁੱਟ ਜਾਂਦਾ ਹੈ।
ਜਦ ਤੱਕ ਚੰਗੇ ਕਰਮ ਕਰਦੇ ਰਹੋ
ਉਦੋਂ ਤੱਕ ਹੀ ਪੁੰਨ ਮਿਲਦਾ ਰਹਿੰਦਾ ਹੈ।
ਜਦੋਂ ਤੱਕ ਕਿਸੇ ਦੀ ਭਲਾਈ ਕਰਦੇ ਰਹੋ
ਉਦੋਂ ਤੱਕ ਹੀ ਪ੍ਰਸ਼ੰਸਾ ਮਿਲਦੀ ਹੈ।
ਜਦ ਤੱਕ ਪਰਿਵਾਰ ਦੇ ਬੰਦੇ ਇਕੱਠੇ ਰਹਿੰਦੇ ਹਨ
ਉਦੋਂ ਤੱਕ ਹੀ ਪਰਿਵਾਰ ਠੀਕ ਚੱਲਦਾ ਹੈ।।

ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 16 3590 45
ਰੋਹਤਕ ਹਰਿਆਣਾ

ਗੁਰੂ ਤੇਗ ਬਹਾਦਰ

ਕੋਈ ਨਾ ਬਣਿਆਂ ਨੌਵੇਂ ਗੁਰੂ ਦਾ
ਇਸ ਦੁਨੀਆਂ ਤੇ ਸਾਨੀ
ਹਿੰਦੂ ਧਰਮ ਬਚਾਉਣ ਵਾਸਤੇ
ਜਾਅ ਦਿਤੀ ਕੁਰਬਾਨੀ
ਗੁਰੂ ਤੇਗ ਬਹਾਦਰ ਕੁਰਬਾਨੀ ਦੇਣੀ
ਸਾਨੂੰ ਸਿਖਾਂ ਗਿਆ
ਅਸੀਂ ਟੇਕ ਕੇ ਮੱਥਾ ਆਪਣਾਂ
ਫਰਜ਼ ਨਿਭਾ ਲਿਆ
ਚੱਲੇ ਨਹੀਂ ਸਿਧਾਂਤਾਂ ਤੇ,ਤੇ ਕਰਨ
ਲੱਗ ਪਏ ਪੂਜਾ
ਪਹਿਲਾਂ ਕੰਮ ਯਾਦ ਨਹੀਂ ਰੱਖਿਆ
ਕੰਮ ਲੱਭ ਲਿਆ ਦੂਜਾ
ਅਸੀਂ ਸਾਂਭ ਕੇ ਰੱਖਿਆ ਉਹਨਾਂ
ਸੱਭ ਲੁਟਾਂ ਲਿਆਂ
ਅਸੀਂ ਟੇਕ ਕੇ ਮੱਥਾ ਆਪਣਾਂ
ਆਪਣਾਂ ਫਰਜ਼ ਨਿਭਾ ਲਿਆ
ਗੁਰਮੀਤ ਡੁਮਾਣੇ ਵਾਲਿਆ ਇਹ
ਗੁਰਾਂ ਨਾਲ ਗ਼ਦਾਰੀ ਆ
ਇਨਸਾਨੀਅਤ ਦੇ ਉਤੇ ਅੱਜ ਕੱਲ੍ਹ
ਪਖੰਡ ਹੀ ਭਾਰੀ ਆ
ਦੁੱਖ ਤਕਲੀਫਾਂ ਸਾਇਨੇ, ਕਿਹੜਾ
ਸੁੱਖ ਪਾ ਲਿਆ
ਅਸੀਂ ਟੇਕ ਕੇ ਮੱਥਾ ਆਪਣਾਂ
ਫਰਜ਼ ਨਿਭਾ ਲਿਆ

ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ

ਵਰੇਗੰਢ ਮੁਬਾਰਕ

ਜਸਪਾਲ ਸੰਧੂ ਤੇ ਬਲਵੀਰ ਕੌਰ ਸੰਧੂ ਨੂੰ ਵਿਆਹ ਦੀ 22ਵੀਂ ਵਰੇਗੰਢ ਦੀ ਮੁਬਾਰਕਬਾਦ

ਮਿੰਟੂ ਲਾਲ (ਵਿਸ਼ਾਲ ਖੈਰਾ) ਦੀ ਆ ਰਹੀ ਪਲੇਠੀ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਦਾ ਹਰ ਇਕ ਲੇਖ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ

ਡਾ. ਇੰਦਰਜੀਤ ਕੁਮਾਰ 'ਕਜਲਾ'
ਸ਼ਹਾਇਕ ਪ੍ਰੋਫੈਸਰ ਕਾਨੂੰਨ, ਲੇਖਕ, ਅਨੁਵਾਦਕ, ਸੰਪਾਦਕ ਸੰਸਥਾਪਕ, ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ

ਜਿਵੇਂ ਕਿ ਤਥਾਗਤ ਬੁੱਧ ਕਹਿੰਦੇ ਨੇ ਕਿ, "ਸ਼ੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਜਾਣੋ"। ਇੱਥੇ ਇਹ ਕਹਿਣਾ ਝੂਠ ਨਹੀਂ ਹੈ ਕਿ ਤਥਾਗਤ ਬੁੱਧ ਨੂੰ ਮੰਨਣ ਵਾਲੇ ਬਹੁਤ ਲੋਕ ਮਿਲਦੇ ਹਨ ਪਰ ਸਮਝਣ ਵਾਲੇ ਘੱਟ! ਇਹ ਬਹੁਤ ਹੀ ਸੰਜੀਦਾ ਵਿਸ਼ਾ ਹੈ, ਕਿਉਂਕਿ ਕੁਝ ਲੋਕਾਂ ਲਈ ਬੁੱਧ ਧੰਮ ਹੁਣ ਸਿਰਫ਼ ਇੱਕ ਧਰਮ ਬਣਦਾ ਜਾ ਰਿਹਾ ਹੈ। ਉਸੇ ਤਰ੍ਹਾਂ ਜਿਵੇਂ ਬਾਕੀ ਧਰਮਾਂ ਵਿੱਚ ਜਨਮ-ਮਰਨ, ਸਵਰਗ-ਨਰਕ ਅਤੇ ਅੰਧ-ਵਿਸ਼ਵਾਸ ਦੇ ਸਿਧਾਂਤ ਤੇ ਚਲਦੇ ਹਨ ਜੋ ਕਿ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਇਸੇ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਬੁੱਧ ਧੰਮ ਨੂੰ ਅਪਣਾਉਣ ਤੋਂ ਪਹਿਲਾ ਬਹੁਤ ਹੀ ਡੂੰਘਾਈ ਦੇ ਨਾਲ ਧਰਮ ਅਤੇ ਧੰਮ ਅੰਤਰ ਨੂੰ ਸਮਝਿਆ ਫਿਰ ਉਸ ਤੋਂ ਬਆਦ ਹੀ ਬੁੱਧ ਧੰਮ ਦੀ ਸ਼ਰਣ ਵਿੱਚ ਗਏ।

ਜਿੱਥੇ-ਜਿੱਥੇ ਉਨ੍ਹਾਂ ਨੂੰ ਧੰਮ ਵਿੱਚ ਛੇਕ ਮਿਲੇ ਉਹਨਾਂ ਨੂੰ ਉਹਨਾਂ ਨੇ 22 ਪ੍ਰਤਿਗਿਆਵਾਂ ਦੇ ਨਾਲ ਅਤੇ "ਬੁੱਧ ਅਤੇ ਉਨ੍ਹਾਂ ਦਾ ਧੰਮ" ਨਾਮਕ ਗ੍ਰੰਥ ਦੇ ਵਿੱਚ ਦਿੱਤੀ ਜਾਣਕਾਰੀ ਨਾਲ ਭਰਨ ਦਾ ਬੇ-ਮਿਸਾਲ ਉਪਰਾਲਾ ਕੀਤਾ।

ਸਮੇਂ ਦੀ ਘਾਟ ਅਤੇ ਅੰਗਰੇਜ਼ੀ ਦੇ ਘੱਟ ਗਿਆਨ ਕਾਰਨ ਇਸ ਗ੍ਰੰਥ ਵਿੱਚ ਦਰਜ ਗਿਆਨ ਲੋਕਾਂ ਤੱਕ ਨਹੀਂ ਪਹੁੰਚਿਆ ਜਦਕਿ ਇਸ ਕਿਤਾਬ ਦਾ ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰੇ ਵਿਦਵਾਨਾਂ ਵਲੋਂ ਵਧੀਆ ਢੰਗ ਨਾਲ ਅਨੁਵਾਦ ਕੀਤਾ ਗਿਆ ਹੈ ਪਰ ਵੱਡੀਆਂ ਤੇ ਮੋਟੀਆਂ ਕਿਤਾਬਾਂ ਨੂੰ ਦੇਖਕੇ ਪਾਠਕ ਦਾ ਪੜ੍ਹਨ ਨੂੰ ਹੌਸਲਾ ਨਹੀਂ ਪੈਦਾ। ਇਸ ਤਰ੍ਹਾਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਮ ਪਾਠਕ ਤੱਕ



ਬਾਬਾ ਵਾਲੇ ਤਰਕਵਾਦੀ ਦ੍ਰਿਸ਼ਟੀਕੋਣ ਨਾਲ ਪੇਸ਼ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ। ਮੇਰੇ ਦੋਸਤ ਵਿਸ਼ਾਲ ਖੈਰਾ ਨੇ ਇਸ ਕਿਤਾਬ ਦਾ ਨਾਂ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਹੈ। ਇਸ ਕਿਤਾਬ ਵਿੱਚ 12 ਲੇਖ ਹਨ, ਜਿਨ੍ਹਾਂ ਦਾ ਸਿੱਧਾ ਸੰਬੰਧ ਹੀ ਬਾਬਾ ਸਾਹਿਬ ਜੀ ਦੇ ਦੁਆਰਾ ਮੁੜ-ਸੁਰਜੀਤ ਕੀਤੇ ਬੁੱਧ ਧੰਮ ਨਾਲ ਹੈ ਕਿਉਂਕਿ ਇਹ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ। ਮੈਂ ਇਸ ਕਿਤਾਬ ਨੂੰ ਛਪਣ ਤੋਂ ਪਹਿਲਾ ਹੀ ਖਰੜੇ ਨੂੰ ਤਿੰਨ-ਚਾਰ ਵਾਰ ਪੜ੍ਹ ਚੁੱਕਾ ਹਾਂ। ਇਸ ਨੂੰ ਪੜ੍ਹਨ ਤੋਂ ਬਆਦ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਕਿਤਾਬ ਬੁੱਧ ਧੰਮ ਵਿੱਚ ਵਿਛਾਏ ਜਾਂ ਰਹੇ ਕੂੜ-ਪ੍ਰਚਾਰ ਨੂੰ ਸਾਫ਼ ਕਰਨ ਵਿੱਚ ਬਹੁਤ ਹੀ ਗਿਆਨ ਭਰਪੂਰ ਕਾਰਗਰ ਸਾਬਤ ਹੋਵੇਗੀ। ਇਹ ਕਿਤਾਬਾਂ ਵੱਖ-ਵੱਖ ਸਵਾਲਾਂ ਦੇ ਉੱਤਰ ਵੀ ਦਿੰਦੀ ਹੈ, ਜਿਵੇਂ ਕਿ ਬੁੱਧ ਧੰਮ ਵਿੱਚ ਰੱਬ ਦਾ ਕੀ ਸਥਾਨ ਹੈ?, ਬੁੱਧ ਦੇ ਦਸ ਜਨਮ ਕੀ ਹਨ?ਬੁੱਧ ਪਰਮਾਤਮਾ ਸਨ ਜਾਂ ਭਗਵਾਨ? ਬੁੱਧ ਧੰਮ ਵਿੱਚ ਹਾਨੀਆਂ ਪੈਦਾ ਹੋਣ ਦੇ ਕਾਰਨ, ਇਨ੍ਹਾਂ ਹਾਨੀਆਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ? ਬੁੱਧ ਧੰਮ ਨੂੰ ਅੱਗੇ ਕਿਵੇਂ ਲੈ ਕੇ ਜਾਇਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਹੋਰ ਬੁਹਤ ਸਾਰੇ ਸਵਾਲਾਂ ਅਤੇ ਉਨ੍ਹਾਂ ਦੇ ਜਵਾਬ 'ਬੁੱਧ ਅਤੇ ਉਹਨਾਂ ਦਾ ਧੰਮ' ਨਾਮਕ ਮਹਾਨ ਗ੍ਰੰਥ ਤੋਂ ਪ੍ਰੇਰਿਤ ਹਨ, ਬੋਧੀ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਚੀਨੀ ਯਾਤਰੀ ਅਤੇ ਅੰਗਰੇਜ਼ ਅਫ਼ਸਰ ਦਾ ਜ਼ਿਕਰ ਵੀ। ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਵਿਸ਼ਾਲ ਖੈਰਾ ਨੇ ਇਹ ਕਿਤਾਬ ਆਰਟੀਕਲਾਂ ਨੂੰ ਲਿਖ ਕੇ ਗਾਗਰ ਵਿੱਚ ਸਾਗਰ ਭਰਨ ਵਾਲੀ ਗੱਲ ਕੀਤੀ ਹੈ।

ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ"

ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ
ਫੋਨ ਨੰਬਰ: 99158-53404, 7707925975

"ਰਿਸ਼ਤਿਆਂ ਵਿੱਚ ਵਧਦੀ ਖਾਮੋਸ਼ੀ: ਰੁੱਸਣ ਦੀ ਸਮੱਸਿਆ ਜਾਂ ਸਮਝ ਦੀ ਕਮੀ?"

ਜ਼ਿੰਦਗੀ ਦੇ ਰਿਸ਼ਤਿਆਂ ਵਿਚ ਰੁੱਸਣਾ ਕੋਈ ਨਵੀਂ ਗੱਲ ਨਹੀਂ। ਬੱਚੇ ਵੀ ਰੁੱਸਦੇ ਨੇ, ਵੱਡੇ ਵੀ। ਬੱਚਿਆਂ ਦੇ ਰੁੱਸਣ ਨੂੰ ਅਸੀਂ ਮਿੱਠਾ ਮੰਨ ਲੈਂਦੇ ਹਾਂ, ਪਰ ਵੱਡਿਆਂ ਦਾ ਰੁੱਸਣਾ ਸਾਨੂੰ ਚੁੱਭਦਾ ਹੈ—ਕਿਉਂਕਿ ਵੱਡੇ ਆਪਣੀ ਮਾਸੂਮੀਅਤ ਨੂੰ ਚੁੱਪ ਚਾਪ ਓੜ ਲੈਂਦੇ ਹਨ।

ਬੱਚੇ ਘਰ ਤੋਂ ਬਾਹਰ ਜਾ ਬੈਠਦੇ ਹਨ, ਵੱਡੇ ਰਿਸ਼ਤਿਆਂ ਤੋਂ। ਪਰ ਉਡੀਕ ਦੋਹਾਂ ਦੀ ਇੱਕੋ ਹੁੰਦੀ ਹੈ—

"ਕੋਈ ਆ ਕੇ ਮੈਨੂੰ ਬੁਲਾ ਲਵੇ।"

ਬੱਚਿਆਂ ਦੀਆਂ ਨਜ਼ਰਾਂ ਵਾਰੀ-ਵਾਰੀ ਘਰ ਵੱਲ ਹੁੰਦੀਆਂ ਹਨ, ਵੱਡਿਆਂ ਦੀਆਂ ਨਜ਼ਰਾਂ ਫ਼ੋਨ ਦੇ ਸਕ੍ਰੀਨ 'ਤੇ। ਬੱਚੇ ਉਮੀਦ ਕਰਦੇ ਨੇ ਕਿ ਮਾਂ ਪਿੱਛੇ ਆਵੇਗੀ, ਵੱਡੇ ਸੋਚਦੇ ਨੇ ਕਿ ਇੱਕ ਕਾਲ, ਇੱਕ ਮੈਸੇਜ, ਇੱਕ ਕਮੈਂਟ ਤਾਂ ਆਵੇਗਾ। ਦਿਲ ਦੇ ਕਿਸੇ ਕੋਨੇ ਵਿੱਚ ਇੱਕ ਛੋਟੀ ਜਿਹੀ ਤਾਂਘ ਦੱਬੀ ਪਈ ਹੁੰਦੀ ਹੈ—"ਮੇਰੀ ਕਦਰ ਹੁੰਦੀ ਤਾਂ ਕੋਈ ਰੋਕ ਲੈਂਦਾ।"

ਜਦ ਉਡੀਕ ਲੰਮੀ ਹੋ ਜਾਂਦੀ ਹੈ, ਤਾਂ ਮਨ ਦੇ ਵਿਚਕਾਰੋਂ ਇੱਕ ਹੌਲਾ ਜਿਹਾ ਸੁਆਲ ਉੱਠਦਾ ਹੈ—

"ਕੀ ਮੈਂ ਹੀ ਮਨਾਵਾਂ?"

ਪਰ ਤੁਰੰਤ ਈਗੋ ਹੱਥ ਫੜਕੇ ਖਿੱਚ ਲੈਂਦੀ ਹੈ—

"ਕਿਉਂ? ਪਹਿਲਾਂ ਉਸਨੇ ਸੋਚਿਆ ਕੀਤਾ?"**

ਬੱਚਿਆਂ ਦੇ ਮੁੰਹੋਂ ਤਾਂ ਇਹ ਗੱਲ ਨਹੀਂ ਨਿਕਲਦੀ, ਪਰ ਵੱਡਿਆਂ ਦੇ ਮਨ ਵਿਚ ਇਹ ਝਗੜਾ ਬੜਾ ਤੇਜ ਚੱਲਦਾ ਹੈ।

ਕਈ ਵਾਰੀ ਤਾਂ ਬੱਚਾ ਜਿੱਥੇ ਬੈਠਿਆ ਹੁੰਦਾ ਹੈ, ਉਧਰੋਂ ਕੋਈ ਘਰੋਂ ਨਿਕਲਦਾ ਦਿੱਸ ਜਾਵੇ ਤਾਂ ਉਹ ਹੋਰ ਦੂਰ ਦੌੜ ਜਾਂਦਾ ਹੈ।

ਕਿਸੇ ਨੇ ਕੁਝ ਕਿਹਾ ਵੀ ਨਹੀਂ ਹੁੰਦਾ, ਪਰ ਆਕੜ ਆਪ ਹੀ ਜਾਗ ਪੈਂਦੀ ਹੈ—

"ਵੇਖੀਂ! ਮੈਂ ਤਾਂ ਬੜਾ ਰੁੱਸਿਆ ਹੋਇਆ ਹਾਂ!"

ਇਹ ਹਾਲਤ ਵੱਡਿਆਂ ਵਿੱਚ ਵੀ ਆਉਂਦੀ ਹੈ।

ਕੋਈ ਫ਼ੋਨ ਕਰੇ ਅਤੇ ਜੇਕਰ ਫ਼ੋਨ ਸਿਰਫ਼ ਕੰਮ ਦਾ ਹੋਵੇ ਤਾਂ ਦਿਲ ਵਿੱਚ ਚੁੱਭਦੀ ਹੈ—

"ਅੱਛਾ! ਮੈਨੂੰ ਨਹੀਂ, ਕੰਮ ਨੂੰ ਯਾਦ ਕੀਤਾ?"

ਤੇ ਹਰਖ ਵਿੱਚ ਅਨਫ੍ਰੈਂਡ, ਬਲਾਕ... ਜਿਵੇਂ ਰਿਸ਼ਤੇ ਨੰਬਰਾਂ ਨਾਲ ਨਾਪੇ ਜਾਂਦੇ ਹੋਣ।

ਦਿੱਲ ਤਾਂ ਕਹਿੰਦਾ ਹੈ,

"ਇੱਕ ਵਾਰ ਪੁੱਛ ਲੈਂਦਾ ਕਿ ਕਿਵੇਂ ਹੋ?"

ਪਰ ਅਸੀਂ ਚਾਹੁੰਦੇ ਹਾਂ ਕਿ ਇਹ ਇੱਛਾ ਦੂਜਾ ਸਮਝੇ।

ਇਹ ਜਿੱਥੇ-ਤੱਥੇ ਦੀ ਖਾਮੋਸ਼ੀ ਦੋਹਾਂ ਪਾਸਿਆਂ ਤੋਂ ਵਧਦੀ ਜਾਂਦੀ ਹੈ। ਬੱਚੇ ਚੀਜ਼ਾਂ ਸੁੱਟਦੇ ਹਨ, ਦਰਵਾਜ਼ੇ ਪਟਕਦੇ ਹਨ, ਤਾਕਿ ਮਾਂ-ਬਾਪ ਨੂੰ ਪਤਾ ਲੱਗੇ ਕਿ ਉਨ੍ਹਾਂ ਦਾ ਬੱਚਾ ਰੁੱਸਿਆ ਹੋਇਆ ਹੈ। ਵੱਡੇ ਵੀ ਇਹੀ ਕਰਦੇ ਹਨ—ਪਰ ਉਹ ਫੇਸਬੁੱਕ 'ਤੇ ਪੋਸਟਾਂ ਪਾਉਂਦੇ ਹਨ, ਵਟਸਐਪ 'ਤੇ ਸਟੇਟਸ ਲਾਉਂਦੇ ਹਨ, ਅਧੂਰੇ ਸ਼ਬਦਾਂ ਵਿੱਚ ਦਰਦ ਲਿਖਦੇ ਹਨ—ਇਹ ਵੀ ਇੱਕ ਗੁੱਝਾ ਸਿਗਨਲ ਹੁੰਦਾ ਹੈ, "ਇੱਕ ਵਾਰ ਆ ਕੇ ਪੁੱਛ ਲਓ, ਮੈਂ ਠੀਕ ਹਾਂ ਜਾਂ ਨਹੀਂ।" ਰੁੱਸਣਾ ਅਸਲ ਵਿੱਚ ਪਿਆਰ ਦੀ ਗੁਜ਼ਾਰਸ਼ ਹੁੰਦੀ ਹੈ—ਗੁੱਸੇ ਦੀ ਸ਼ਕਲ ਵਿੱਚ। ਕੋਈ ਵੀ ਇਨਸਾਨ ਰੁੱਸਦਾ ਤਾਂ ਉਸਦੇ ਨਾਲੇ ਰਿਸ਼ਤੇ ਦੀ ਕੀਮਤ ਹੈ। ਜਿਸ ਨੂੰ ਫ਼ਰਕ ਨਹੀਂ ਪੈਂਦਾ, ਉਹ ਕਦੇ ਰੁੱਸਦਾ ਹੀ ਨਹੀਂ। ਜ਼ਿੰਦਗੀ ਦੇ ਰਿਸ਼ਤਿਆਂ ਵਿੱਚ ਬਹੁਤ ਵਾਰੀ ਅਸੀਂ ਇਹ ਗਲਤੀ ਕਰ ਬੈਠਦੇ ਹਾਂ ਕਿ ਰੁੱਸਣ ਨੂੰ ਦੂਰ ਜਾਣਾ ਸਮਝ ਲੈਂਦੇ ਹਾਂ, ਜਦਕਿ ਰੁੱਸਣਾ ਤਾਂ ਦਿਲ ਦੇ ਨੇੜੇ ਹੋਣ ਦੀ ਨਿਸ਼ਾਨੀ ਹੁੰਦਾ ਹੈ।

ਇੱਕੋ ਗੱਲ ਦੋਹਾਂ ਦੇ ਦਿਲਾਂ ਵਿੱਚ ਹੁੰਦੀ ਹੈ—

"ਮੈਨੂੰ ਮਨਾਉਣ ਆ ਜਾ।"

ਪਰ ਦੋਹਾਂ ਦੇ ਪੈਰ ਜਮ ਜਾਂਦੇ ਹਨ।

ਰਿਸ਼ਤੇ ਚੁੱਪੀ ਵਿੱਚ ਟੁੱਟਦੇ ਹਨ, ਗੱਲਬਾਤ ਵਿੱਚ ਨਹੀਂ।

ਬੱਚੇ ਰੋ ਕੇ ਦੱਸ ਦਿੰਦੇ ਹਨ ਕਿ ਉਹ ਟੁੱਟ ਰਹੇ ਹਨ।

ਵੱਡੇ ਚੁੱਪ ਰਹਿ ਕੇ ਵੀ ਰੋ ਰਹੇ ਹੁੰਦੇ ਹਨ।

ਦੋਵੇਂ ਨਰਮ ਹੁੰਦੇ ਹਨ—ਫ਼ਰਕ ਸਿਰਫ਼ ਇਹ ਹੈ ਕਿ ਬੱਚਿਆਂ ਨੂੰ ਮਾਸੂਮੀਅਤ ਦੀ ਇਜਾਜ਼ਤ ਹੈ, ਵੱਡੇ ਉਸਨੂੰ ਲੁਕਾ ਕੇ ਰੱਖਦੇ ਹਨ। ਇਸ ਲਈ ਕਦੇ-ਕਦੇ ਪਹਿਲ ਕਰ ਲੈਣੀ ਚਾਹੀਦੀ ਹੈ।

ਪਹਿਲ ਕਰਨਾ ਝੁਕਣਾ ਨਹੀਂ ਹੁੰਦਾ—ਪਹਿਲ ਕਰਨਾ ਰਿਸ਼ਤਾ ਬਚਾਉਣ ਦੀ ਹਿੰਮਤ ਹੁੰਦੀ ਹੈ।

ਜਿਸ ਦਿਨ ਅਸੀਂ ਇਹ ਸਮਝ ਲੈਂਦੇ ਹਾਂ, ਉਸ ਦਿਨ ਰੁੱਸਣ ਦੇ ਪਿੱਛੇ ਲੁਕੇ ਪਿਆਰ ਨੂੰ ਅਸੀਂ ਸਹੀ ਤਰ੍ਹਾਂ ਪਛਾਣ ਲੈਂਦੇ ਹਾਂ।

ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

ਸਾਡੀ ਭਾਸ਼ਾ: ਪੰਜਾਬੀ ਸ਼ਬਦਾਂ ਦੇ ਅੰਤ ਵਿੱਚ ਊੜੇ (ਓ) ਅੱਖਰ ਦੀ ਸਥਿਤੀ

ਕਿਹਾ ਜਾਂਦਾ ਹੈ ਕਿ ਪੰਜਾਬੀ ਬੋਲੀ ਭਾਰਤ ਦੀਆਂ ਸਭ ਤੋਂ ਪੁਰਾਤਨ ਬੋਲੀਆਂ ਵਿੱਚੋਂ ਇੱਕ ਹੈ। ਦੁਨੀਆ ਦਾ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥ 'ਰਿਗਵੇਦ' ਵੀ ਪੰਜਾਬ ਦੀ ਇਸ ਧਰਤੀ ਉੱਤੇ, ਉਸ ਸਮੇਂ ਦੀ ਭਾਸ਼ਾ 'ਵੈਦਿਕ ਸੰਸਕ੍ਰਿਤ' ਜਾਂ 'ਛਾਂਦਸਿ' ਵਿੱਚ ਹੀ ਲਿਖਿਆ ਗਿਆ ਸੀ।

ਉਂਞ ਤਾਂ ਪੰਜਾਬੀ ਬੋਲੀ ਵਿੱਚ ਸਮੇਂ-ਸਮੇਂ 'ਤੇ ਵੱਖ-ਵੱਖ ਰਾਜਨੀਤਿਕ ਜਾਂ ਕੁਝ ਹੋਰ ਕਾਰਨਾਂ ਕਰਕੇ ਬਹੁਤ ਸਾਰੀਆਂ ਬਾਹਰੀ ਬੋਲੀਆਂ ਦੇ ਸ਼ਬਦ ਸ਼ਾਮਲ ਹੁੰਦੇ ਰਹੇ ਹਨ ਪਰ ਪੰਜਾਬੀ ਬੋਲੀ ਦੀ ਇਹ ਸਿਫ਼ਤ ਰਹੀ ਹੈ ਕਿ ਇਹ ਉਹਨਾਂ ਬੋਲੀਆਂ ਦੇ ਸ਼ਬਦਾਂ ਨੂੰ ਆਪਣੇ ਮੁਹਾਵਰੇ, ਮੁਹਾਂਦਰੇ ਅਤੇ ਲੋਕ-ਉਚਾਰਨ ਅਨੁਸਾਰ ਢਾਲ਼ ਕੇ ਆਪਣੇ ਢਾਂਚੇ ਵਿੱਚ ਸਮੋਂਦੀ ਰਹੀ ਹੈ। ਕਿਸੇ ਵੀ ਬੋਲੀ ਦਾ ਜਨਮ ਪਹਿਲਾਂ ਹੁੰਦਾ ਹੈ ਅਤੇ ਉਸ ਦੀ ਵਿਆਕਰਨ ਅਤੇ ਵਿਆਕਰਨਿਕ ਨਿਯਮ ਉਸ ਦੇ ਪ੍ਰਾਰੂਪ ਅਤੇ ਖੇਤਰੀ ਵਰਤਾਰੇ ਅਨੁਸਾਰ ਬਾਅਦ ਵਿੱਚ ਨਿਰਧਾਰਿਤ ਕੀਤੇ ਜਾਂਦੇ ਹਨ। ਵਿਆਕਰਨ ਦੇ ਇਹਨਾਂ ਨਿਯਮਾਂ ਵਿਚੋਂ ਸ਼ਬਦ-ਜੋੜਾਂ ਦੀ ਸ਼ੁੱਧਤਾ ਵੀ ਇਸੇ ਵਰਤਾਰੇ ਦਾ ਇਕ ਅਭਿੰਨ ਅੰਗ ਹੈ। ਸ਼ਬਦ ਜੋੜਾਂ ਦੀ ਸ਼ੁੱਧਤਾ ਕਾਰਨ ਹੀ ਕੋਈ ਬੋਲੀ ਸੁਚੱਜਾ ਅਤੇ ਸੁੰਦਰ ਰੂਪ ਧਾਰਨ ਕਰ ਸਕਦੀ ਹੈ। ਪੰਜਾਬੀ ਬੋਲੀ ਦੇ ਸ਼ਬਦ-ਜੋੜਾਂ ਵਿੱਚ ਇਕ-ਸਾਰਤਾ ਪੈਦਾ ਕਰਨ ਤੇ ਪੰਜਾਬੀ ਸ਼ਬਦ-ਜੋੜਾਂ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਦੀ ਖਾਤਰ ਵਿਦਵਾਨ ਸਮੇਂ-ਸਮੇਂ 'ਤੇ ਪੁਰਾਣੇ ਨਿਯਮਾਂ ਵਿੱਚ ਕੁਝ ਸੋਧਾਂ ਕਰਦੇ ਜਾਂ ਸਮੇਂ ਦੀ ਲੋੜ ਅਨੁਸਾਰ ਕੁਝ ਨਵੇਂ ਨਿਯਮ ਬਣਾਉਂਦੇ ਰਹਿੰਦੇ ਹਨ ਜਿਨ੍ਹਾਂ ਨੂੰ ਅਪਣਾ ਕੇ ਅਸੀਂ ਆਪਣੀ ਬੋਲੀ ਨੂੰ ਹੋਰ ਵੀ ਖ਼ੂਬਸੂਰਤ ਬਣਾਉਣ ਦੇ ਸਮਰੱਥ ਹੁੰਦੇ ਹਾਂ। ਅਜੋਕੀ ਪੰਜਾਬੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਦੁਆਰਾ ਸੰਪਾਦਿਤ "ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼" ਪੰਜਾਬੀ ਦੇ ਵਿਆਕਰਨਿਕ ਨਿਯਮਾਂ ਨੂੰ ਦਰਸਾਉਂਦੀ ਪੁਸਤਕ ਇੱਕ ਅਜਿਹਾ ਹੀ ਉਪਰਾਲਾ ਹੈ।

ਗੁਰਮੁਖੀ ਲਿਪੀ ਦੇ ਪਹਿਲੇ ਅੱਖਰ ਊੜੇ ਨੂੰ ਦਸਾਂ ਵਿੱਚੋਂ ਕੁੱਲ ਤਿੰਨ ਲਗਾਂ ਲੱਗਦੀਆਂ ਹਨ- ਔਂਕੜ,ਦੁਲੈਂਕੜ ਅਤੇ ਹੋੜਾ ਅਰਥਾਤ ਊੜੇ ਦਾ ਮੂੰਹ ਖੁੱਲ੍ਹਾ, ਜਿਵੇਂ: ਉੱਠ, ਊਠ ਅਤੇ ਓਟ। ਅੱਜ ਦੇ ਇਸ ਲੇਖ ਵਿੱਚ ਅਸੀਂ ਦੇਖਦੇ ਹਾਂ ਕਿ ਪੰਜਾਬੀ ਸ਼ਬਦਾਂ ਦੇ ਅੰਤ ਵਿੱਚ ਊੜੇ ਅੱਖਰ ਨੂੰ ਲੱਗਦੀਆਂ ਹੋੜੇ ਅਤੇ ਔਂਕੜ ਦੀਆਂ ਦੋ ਲਗਾਂ ਦੀ ਵਰਤੋਂ ਕਦੋਂ ਅਤੇ ਕਿਵੇਂ ਕਰਨੀ ਹੈ? ਓ ਅੱਖਰ ਨੂੰ ਲੱਗਣ ਵਾਲ਼ੀ ਤੀਜੀ ਲਗ ਦੁਲੈਂਕੜ ਬਾਰੇ ਤਾਂ ਅਸੀਂ ਸਾਰੇ ਲਗ-ਪਗ ਜਾਣਦੇ ਹੀ ਹਾਂ।

ਕੋਈ ਸਮਾਂ ਸੀ ਜਦੋਂ ਘਿਓ ਨੂੰ ਘਿਉ, ਪਿਓ ਨੂੰ ਪਿਉ ਅਤੇ ਲਓ ਨੂੰ ਲਉ ਅਰਥਾਤ ਕਿਸੇ ਵੀ ਸ਼ਬਦ ਦੇ ਅੰਤ ਵਿੱਚ ਲੱਗੇ ਊੜੇ ਦੀ, ਭਾਵੇਂ ਔਂਕੜ ਦੀ ਅਵਾਜ਼ ਆਉਂਦੀ ਹੋਵੇ ਤੇ ਭਾਵੇਂ ਹੋੜੇ ਦੀ; ਆਮ ਤੌਰ 'ਤੇ ਉਹਨਾਂ ਨੂੰ ਔਂਕੜ ਪਾ ਕੇ ਹੀ ਲਿਖਿਆ ਜਾਂਦਾ ਸੀ। ਪਰ ਸਮਾਂ ਬਦਲਿਆ ਅਤੇ "ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼" ਦੇ ਲਿਖੇ ਜਾਣ ਉਪਰੰਤ ਇਹਨਾਂ ਸ਼ਬਦਾਂ ਨੂੰ ਹੀ ਨਹੀਂ ਸਗੋਂ ਹੋਰ ਵੀ ਅਨੇਕਾਂ ਸ਼ਬਦਾਂ ਨੂੰ ਇਸ ਕੋਸ਼ ਵਿੱਚ ਸੁਝਾਏ ਗਏ ਨਿਯਮਾਂ ਅਨੁਸਾਰ ਲਿਖਣ ਦੀ ਪਿਰਤ ਅਰੰਭ ਹੋਈ ਹੈ।

ਸ਼ਬਦਾਂ ਦੇ ਅੰਤ ਵਿਚ ਆਮ ਤੌਰ 'ਤੇ ਊੜੇ ਦਾ ਮੂੰਹ ਖੁੱਲ੍ਹਾ ਹੀ ਰੱਖਿਆ ਜਾਣਾ ਹੈ:

ਉਪਰੋਕਤ ਕੋਸ਼ ਦੇ ਵਿਆਕਰਨਿਕ ਨਿਯਮਾਂ ਅਨੁਸਾਰ ਜੇਕਰ ਕਿਸੇ ਵੀ ਸ਼ਬਦ ਦੇ ਅੰਤ ਵਿੱਚ ਊੜਾ ਅੱਖਰ ਲੱਗਿਆ ਹੋਵੇ ਤਾਂ ਕੇਵਲ ਚਾਰ ਸ਼ਬਦਾਂ: "ਇਉਂ, ਕਿਉਂ, ਜਿਉਂ,ਤਿਉਂ" ਨੂੰ ਛੱਡ ਕੇ ਬਾਕੀ ਸਾਰੇ ਸ਼ਬਦਾਂ ਦੇ ਅੰਤ ਵਿੱਚ ਆਏ ਊੜੇ ਦਾ ਮੂੰਹ ਖੁੱਲ੍ਹਾ ਹੀ ਰੱਖਣਾ ਹੈ, ਭਾਵੇਂ ਉਹਨਾਂ ਸ਼ਬਦਾਂ ਦੇ ਅੰਤ ਵਿੱਚ ਲੱਗੇ ਊੜੇ ਦੀ ਅਵਾਜ਼ ਹੋੜੇ ਦੀ ਹੋਵੇ ਤੇ ਭਾਵੇਂ ਔਂਕੜ ਦੀ; ਜਿਵੇਂ: ਖਾਓ,ਪੀਓ, ਆਓ, ਜਾਓ, ਲਓ, ਦਿਓ, ਘਿਓ, ਕਿਤਿਓਂ, ਵਾਟਿਓਂ, ਵਾਂਢਿਓਂ, ਖੱਬਿਓਂ, ਸੱਜਿਓਂ, ਥੱਲਿਓਂ, ਥੈਲਿਓਂ, ਅੰਬਾਲ਼ਿਓਂ, ਮੁਹਾਲ਼ੀਓਂ, ਫ ਗ ਵ ਾ ਰ ਿ ੜ ਓ ਂ , ਪ ਟ ਆ ਰ ਾ ਲ਼ ਓ ਂ , ਲੁਧਿਆਣਿਓਂ ਆਦਿ। ਦੇਖਣ ਵਿੱਚ ਆਇਆ ਹੈ ਕਿ ਜਗਰਾਓਂ ਅਤੇ ਸਮਾਓਂ ਸ਼ਬਦ ਵਰਤਣ ਵੇਲ਼ੇ ਬਹੁਤੇ ਸੱਜਣ ਅਜੇ ਵੀ ਇਹਨਾਂ ਸ਼ਹਿਰਾਂ ਦੇ ਨਾਂ ਪੁਰਾਤਨ ਰਵਾਇਤਾਂ ਅਨੁਸਾਰ ਅਰਥਾਤ ਊੜੇ ਨੂੰ ਔਂਕੜ ਪਾ ਕੇ ਹੀ ਲਿਖ ਰਹੇ ਹਨ ਜੋਕਿ ਅਜੋਕੇ ਵਿਆਕਰਨਿਕ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਨਾਲ਼ ਗ਼ਲਤ ਹੈ। ਇਹ ਤਾਂ ਹੋ ਸਕਦਾ ਹੈ ਕਿ ਸਰਕਾਰ ਦੁਆਰਾ ਇਹਨਾਂ ਸ਼ਹਿਰਾਂ ਦੇ ਨਾਂਵਾਂ ਦੀ ਨੋਟੀਫ਼ਿਕੇਸ਼ਨ ਹੀ ਪੁਰਾਤਨ ਰਵਾਇਤਾਂ ਅਨੁਸਾਰ (ਊੜੇ ਨੂੰ ਔਂਕੜ ਪਾ ਕੇ) ਅਰਥਾਤ ਗਲਤ ਢੰਗ ਨਾਲ਼ ਹੋਈ ਹੋਵੇ ਪਰ ਅਜੋਕੇ ਨਿਯਮਾਂ ਅਨੁਸਾਰ ਸਾਨੂੰ ਅਜਿਹੇ ਸ਼ਹਿਰਾਂ ਦੇ ਨਾਂ ਊੜੇ ਦਾ ਮੂੰਹ ਖੁੱਲ੍ਹਾ ਰੱਖ ਕੇ ਹੀ ਲਿਖਣੇ ਚਾਹੀਦੇ ਹਨ ਤੇ ਜਾਰੀ ਹੋਏ ਨੋਟੀਫ਼ਿਕੇਸ਼ਨਾਂ ਵਿੱਚ ਸੋਧ ਕਰਵਾਉਣ ਦੇ ਉਪਰਾਲੇ ਵੀ ਨਾਲ਼ੋ-ਨਾਲ਼ ਜਾਰੀ ਰੱਖਣੇ ਚਾਹੀਦੇ ਹਨ। ਅਸੀਂ ਆਪਣੇ ਵਿਦਿਆਰਥੀ-ਜੀਵਨ ਸਮੇਂ ਦੇਖਦੇ ਰਹੇ ਹਾਂ ਕਿ ਸਰਕਾਰ ਵੱਲੋਂ ਦੁਰਘਟਨਾਵਾਂ ਤੋਂ ਬਚਣ ਲਈ ਸੜਕਾਂ ਦੇ ਕਿਨਾਰਿਆਂ 'ਤੇ ਲੱਗੇ ਬੋਰਡਾਂ ਉੱਤੇ ਆਮ ਤੌਰ 'ਤੇ ਊੜੇ ਨੂੰ ਔਂਕੜ ਪਾ ਕੇ ਲਿਖਿਆ ਹੁੰਦਾ ਸੀ: "ਬਚਾਉ ਵਿੱਚ ਹੀ ਬਚਾਉ ਹੈ" ਜਾਂ "ਬਚਾਓ ਵਿੱਚ ਹੀ ਬਚਾਓ ਹੈ" ਪਰ ਹੁਣ ਇਹਨਾਂ ਹੀ ਬੋਰਡਾਂ ਉੱਤੇ ਨਵੇਂ ਵਿਆਕਰਨਿਕ ਨਿਯਮਾਂ ਅਨੁਸਾਰ ਸ਼ੁੱਧ ਪੰਜਾਬੀ ਵਿੱਚ ਲਿਖਿਆ ਹੁੰਦਾ ਹੈ: "ਬਚਾਅ ਵਿੱਚ ਹੀ ਬਚਾਅ ਹੈ"। ਇਸ ਤੋਂ ਸਬਕ ਲੈਂਦਿਆਂ ਸਾਨੂੰ ਵੀ ਸਮੇਂ ਦੇ ਨਾਲ਼ ਬਦਲਦੇ ਹੋਏ ਵਿਆਕਰਨਿਕ ਨਿਯਮਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹਨਾਂ ਨਿਯਮਾਂ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸੋ, ਉਪਰੋਕਤ ਚਾਰ ਸ਼ਬਦਾਂ (ਇਉਂ, ਕਿਉਂ, ਜਿਉਂ, ਤਿਉਂ) ਨੂੰ ਛੱਡ ਕੇ ਬਾਕੀ ਸਾਰੇ ਸ਼ਬਦਾਂ ਦੇ ਅੰਤ ਵਿੱਚ ਆਏ ਊੜੇ ਅੱਖਰ ਨਾਲ਼ ਕੇਵਲ ਹੋੜੇ ਦੀ ਲਗ ਹੀ ਲੱਗਣੀ ਹੈ ਅਰਥਾਤ ਊੜੇ ਦਾ ਮੂੰਹ ਖੁੱਲ੍ਹਾ ਰੱਖਣਾ ਹੈ, ਔਂਕੜ ਦੀ ਲਗ ਬਿਲਕੁਲ ਨਹੀਂ ਲਾਉਣੀ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਪੰਜਾਬੀ ਸ਼ਬਦ-ਜੋੜਾਂ ਦੇ ਨਿਯਮਾਂ ਵੱਲ ਜੇਕਰ ਜ਼ਰਾ ਜਿੰਨਾ ਵੀ ਧਿਆਨ ਦਿੱਤਾ ਜਾਵੇ ਤਾਂ ਇਹ ਬਹੁਤ ਹੀ ਅਸਾਨ ਜਾਪਦੇ ਹਨ ਅਤੇ ਇਹਨਾਂ ਉੱਤੇ ਅਮਲ ਕਰਨਾ ਵੀ ਓਨਾ ਹੀ ਅਸਾਨ ਹੈ।

ਉਪਰੋਕਤ ਚਾਰ ਸ਼ਬਦਾਂ (ਇਉਂ, ਕਿਉਂ, ਜਿਉਂ, ਤਿਉਂ) ਨੂੰ ਉੱਪਰ ਦੱਸੇ ਗਏ ਨਿਯਮਾਂ ਤੋਂ ਛੋਟ ਦੇਣ ਦਾ ਕਾਰਨ ਇਹ ਹੈ ਕਿ ਇਹਨਾਂ ਚਾਰ ਸ਼ਬਦਾਂ ਨੂੰ ਇਸੇ ਰੂਪ ਵਿੱਚ ਹੀ ਸਥਾਪਿਤ ਹੋਏ ਮੰਨ ਲਿਆ ਗਿਆ ਹੈ ਇਸ ਲਈ ਇਹਨਾਂ ਸ਼ਬਦਾਂ ਦੇ ਇਹੋ ਸ਼ਬਦ-ਰੂਪ ਹੀ ਸਹੀ ਮੰਨੇ ਗਏ ਹਨ।

ਕਿਸੇ ਸ਼ਬਦ ਦੇ ਵਿਚਕਾਰ ਆਉਣ 'ਤੇ 'ਊੜੇ' ਨੂੰ ਕਿਹੜੀ ਲਗ ਲੱਗਣੀ ਹੈ?

ਜੇਕਰ 'ਓ' ਅੱਖਰ ਕਿਸੇ ਸ਼ਬਦ ਦੇ ਵਿਚਕਾਰ ਆ ਜਾਵੇ ਤਾਂ ਉਸ ਸੰਬੰਧੀ ਨਿਯਮ ਇਹ ਹੈ ਕਿ ਜੇਕਰ ਉੱਥੇ ਔਂਕੜ ਦੀ ਅਵਾਜ਼ ਹੈ ਤਾਂ ਔਂਕੜ ਪਾਉਣਾ ਹੈ ਅਤੇ ਜੇਕਰ ਹੋੜੇ ਦੀ ਅਵਾਜ਼ ਹੈ ਤਾਂ ਹੋੜਾ; ਅਰਥਾਤ ਊੜੇ ਦਾ ਮੂੰਹ ਖੁੱਲ੍ਹਾ ਰੱਖਣਾ ਹੈ। ਮਿਸਾਲ ਦੇ ਤੌਰ ਤੇ 'ਸਿਓਂਕ' ਸ਼ਬਦ ਦਾ ਉਚਾਰਨ ਕਰਦੇ ਸਮੇਂ ਹੋੜੇ (ਦੀਰਘ ਮਾਤਰਾ) ਦੀ ਅਵਾਜ਼ ਆ ਰਹੀ ਹੈ ਇਸ ਲਈ ਇੱਥੇ ਊੜੇ ਦਾ ਮੂੰਹ ਖੁੱਲ੍ਹਾ ਰੱਖ ਕੇ ਬਿੰਦੀ ਪਾਉਣੀ ਹੈ ਅਤੇ 'ਤਿਉਹਾਰ' ਸ਼ਬਦ ਨੂੰ ਲਿਖਣ ਸਮੇਂ ਔਂਕੜ (ਲਘੂ ਮਾਤਰਾ) ਦੀ ਅਵਾਜ਼ ਆ ਰਹੀ ਹੈ ਇਸ ਲਈ ਇੱਥੇ ਊੜੇ ਨੂੰ ਔਂਕੜ ਹੀ ਪਾਇਆ ਜਾਣਾ ਹੈ। ਉਪਰੋਕਤ ਨਿਯਮ ਅਨੁਸਾਰ ਕਿਸੇ ਸ਼ਬਦ ਦੇ ਵਿਚਕਾਰ ਆਉਣ 'ਤੇ ਊੜੇ ਦੇ ਉਚਾਰਨ ਅਨੁਸਾਰ ਲੱਗਣ ਵਾਲ਼ੀਆਂ ਲਗਾਂ ਦੀਆਂ ਕੁਝ ਹੋਰ ਉਦਾਹਰਨਾਂ ਇਸ ਪ੍ਰਕਾਰ ਹਨ:

ਊੜੇ ਨੂੰ ਔਂਕੜ ਨਾਲ਼ ਬਣਨ ਵਾਲ਼ੇ ਸ਼ਬਦ:

ਸਾਉਣ, ਸਾਉਲ਼ਾ, ਭਗਉਤੀ, ਭਉਜਲ, ਭਜਾਉਣਾ, ਵਿਉਤਪਤੀ, ਗਾਉਣਾ, ਪਿਹਾਉਣਾ, ਵਿਛਾਉਣਾ, ਡਰਾਉਣਾ ਨਵਿਆਉਣਾ, ਮਿਉਂਸਿਪਲ (ਕਮੇਟੀ), ਆਉਣਾ, ਨ੍ਹਾਉਣਾ, ਨੁਹਾਉਣਾ, ਨਸਾਉਣਾ, ਆਉਂਸ ਆਦਿ।

ਕਿਨ੍ਹਾਂ ਸ਼ਬਦਾਂ ਵਿੱਚ "ਊੜੇ ਨੂੰ ਹੋੜਾ" ਜਾਂ "ਊੜੇ ਦਾ ਮੂੰਹ ਖੁੱਲ੍ਹਾ" ਰੱਖਿਆ ਜਾਣਾ ਹੈ: ਡਿਓੜ੍ਹੀ, ਰਿਓੜੀ, ਕਿਓੜਾ, ਭਿਓਂਣਾ, ਵਿਓਂਤ, ਦਿਓਰ, ਤਿਓਰ, ਬਿਓਰਾ, ਤਿਓੜ, ਲਿਓੜ, ਲਿਓਟੀ, ਨਿਓਣਾ (ਨਿਵਣਾ, ਝੁਕਣਾ), ਨਿਓਜ਼ਾ, ਨਿਓਂਦਰਾ (ਨਿਓਂਦਾ), ਪਿਓਂਦ, ਕਿਓਂਟ, ਕਿਓਂਟਣਾ (ਕਿਸੇ ਕੰਮ ਨੂੰ ਸਮੇਟਣਾ) ਆਦਿ।

ਓ ਨੂੰ ਦੁਲੈਂਕੜ:

ਜਿੱਥੋਂ ਤੱਕ ਊੜੇ ਨੂੰ ਲੱਗਣ ਵਾਲੀ ਤੀਜੀ ਲਗ ਅਰਥਾਤ ਦੁਲੈਂਕੜ ਦਾ ਸੰਬੰਧ ਹੈ, ਇਹ ਲਗ ਊੜੇ ਨੂੰ ਕਿਸੇ ਸਥਾਨ 'ਤੇ ਵੀ, ਭਾਵ ਪਹਿਲਾਂ, ਵਿਚਕਾਰ ਅਤੇ ਅੰਤ ਵਿੱਚ ਲਾਈ ਜਾ ਸਕਦੀ ਹੈ, ਜਿਵੇਂ: ਊਠ, ਸ਼ਊਰ, ਕਮਾਊ ਆਦਿ ।

ਸਾਰਾਂਸ਼:

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਕੇਵਲ ਜ਼ਰਾ ਜਿੰਨਾ ਧਿਆਨ ਦੇਣ ਦੀ ਹੀ ਲੋੜ ਹੈ, ਪੰਜਾਬੀ ਸ਼ਬਦ-ਜੋੜਾਂ ਸੰਬੰਧੀ ਨਿਯਮ ਏਨੇ ਔਖੇ ਨਹੀਂ ਹਨ ਸਗੋਂ ਬਹੁਤ ਹੀ ਅਸਾਨ ਹਨ। ਇਸੇ ਨਿਯਮ ਵਿੱਚ ਹੀ ਕਿਸੇ ਸ਼ਬਦ ਦੇ ਅੰਤ ਵਿਚ ਊੜੇ ਅੱਖਰ ਦੇ ਆਉਣ ਸਬੰਧੀ ਉਪਰੋਕਤ ਨਿਯਮਾਂ ਅਨੁਸਾਰ ਅਸੀਂ ਖ਼ਿਆਲ ਕੇਵਲ ਏਨਾ ਹੀ ਰੱਖਣਾ ਹੈ ਕਿ ਜੇਕਰ ਊੜਾ ਕਿਸੇ ਸ਼ਬਦ ਦੇ ਅੰਤ ਵਿੱਚ ਆਉਂਦਾ ਹੈ ਤਾਂ "ਇਉਂ, ਕਿਉਂ, ਜਿਉਂ, ਤਿਉਂ", ਚਾਰ ਸ਼ਬਦਾਂ ਨੂੰ ਛੱਡ ਕੇ ਬਾਕੀ ਸਾਰੇ ਸ਼ਬਦਾਂ ਨਾਲ ਊੜੇ ਨੂੰ ਹੋੜਾ ਹੀ ਪਾਉਣਾ ਹੈ ਅਰਥਾਤ ਊੜੇ ਦਾ ਮੂੰਹ ਖੁੱਲ੍ਹਾ ਰੱਖਣਾ ਹੈ ਅਤੇ ਜੇਕਰ ਓ ਕਿਸੇ ਸ਼ਬਦ ਦੇ ਵਿਚਕਾਰ ਆਉਂਦਾ ਹੈ ਤਾਂ ਹੋੜੇ ਜਾਂ ਔਂਕੜ ਵਿੱਚੋਂ ਸਹੀ ਲਗ ਦੀ ਵਰਤੋਂ ਉਸ ਦੀ ਅਵਾਜ਼ ਅਰਥਾਤ ਉਚਾਰਨ ਨੂੰ ਪਛਾਣ ਕੇ ਕਰਨੀ ਹੈ।

ਜਸਵੀਰ ਸਿੰਘ ਲੰਗੜੋਆ,
ਫ਼ੋਨ ਨੰ. 988884-03052.

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਏ ਜਾਂ ਹੋਏ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਦਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਗੁਰਦੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਖੋਹਿਲੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਟ, ਉਦੀਦ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਥੁਕਵਟ ਦਾ ਮੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਚਿੰਤਾ ਫਸਵੇਰ, ਤੌਖਾ, ਟੇਂਸ਼ਨ ਅਤੇ ਫੋਟਾ- ------- 1 ਮਹੀਨੇ ਦੀ ਕੀਮਤ	£35
6)	ਨਰਿਆਂ ਕਾਰਨ ਸ਼ਰੀਰਕ ਫੈਲਾਵੇ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਲੇਵ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸ਼ਰੀਰਕ ਅਤੇ ਮਿੰਡ ਦੀਆਂ ਨਸਾਂ ਦੀ ਕਮਜ਼ੋਰੀ ਲਈ ਰੋਜ਼- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਪਰਮ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਲਿੰਗ ਉਤੇ ਸਖਤ ਜ਼ਖਮ, SPERMATIC ਗ੍ਰੰਥੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਣਾ ਵਗੈਰਾ ਵਗੈਰਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਤਜਰਬੇਕਾਰ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਕਦਰ (ਚਰਿਤ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁੱਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਥੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਗਲਥੇ (Ovarian Cysts), ਯੋਨੀ ਦੀ ਇਕਦਮਵਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫਟਣੇ ਅਤੇ ਫਟਕਣ, ਲਿੰਗ ਭੋਗ ਸਮੇਂ ਸੁਖਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਭੋਹਬੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਰਾਂ ਪੱਤਿਕਾ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਢਿੱਲੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਫੁਰਤੀ ਅਤੇ ਚੁਸਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਮਾਨ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ ਚ ਵਾਧਾ ਕਰਕੇ ਖੁਸ਼ਗਵਾਰੀ ਅਤੇ ਨਿਆਰਤੀ ਪੈਦਾ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨਾ ਹੱਡੀਆਂ ਦੀਨਾ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਬਾਰਬਾਰ ਵਾਰ ਵਾਰ ਮੋਰਾ ਦੀਆਂ ਦਵਾਈਆਂ ਨੂੰ ਬਣਾ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬਹੁ ਰਹੀ ਉਮਰ ਵਿਚ ਘਟ ਰਹੀ ਹਾਰਮੋਨਜ਼ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਤਕਾਰੀ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਰਮਾਤੀਆਰਾ, ਮੁਸ਼ਦ ਵੀ ਬਲੀ (ANAEMIA) ਵਿਚ ਬਲੀਦ ਲਈ ਲੋਹੇਪੇ ਦੀਆਂ ਪੁਰਾਣੀ ਗਰਮਾਤੀ ਦਵਾਈ ਦੀ ਲੋੜ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਭੋਹਬੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖ਼ੋਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਰੋਗਤ (ਘਟੇ ਹੋਏ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਬਹਤਰੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਹੱਡਿਆਂ ਦੀ ਬੀਮਾਰੀਆਂ, ਜਿਵੇਂ:

ਡਰ, ਹਿਸਟੀਰੀਆ, ਅਨੀਂਦਾ, ਚੋਣਾ, ਕੰਨ ਦੀਆਂ ਬੀਮਾਰੀਆਂ, ਨਜ਼ਲਾ-ਜ਼ੁਕਾਮ, ਨਕਸੀਰ, ਕੰਨ ਪੇੜੇ, ਤੁਤਲਾਉਣਾ, (Stammering), ਟੌਂਸਿਲ, (Tonsilits), ਕਬਜ਼ੀ, ਦਸਤ, ਬਦਹਜ਼ਮੀ, ਪੇਟਦਿਆ ਕੀੜੇ (Worms), ਬੁੱਤਿਆਂ ਪਿਸ਼ਾਬ ਨਿਕਲਣਾ (Enuresis), ਸਾਹ (Wheezing Problem), ਖਾਂਸੀ ਅਤੇ ਕਾਲੀ-ਖਾਂਸੀ, ਖੁਸ਼ਕੀ ਚੰਬਲ, ਖਾਰ (Eczema), ਚਮੜੀ ਰੋਗ ਦੇ ਉਭਾਰ, ਸੋਰਾਈਸਿਸ (Psoriasis), ਅਨਲਾਕੀ, ਕਬਤਰੀਹਣ (Anaemia), ਸਰੀਰ ਦਾ ਕੱਦ, ਪਿਛੜੇ ਬੱਚੇ (Backward Children), ਹੱਡਿਆਂ ਦੀਆਂ ਟੇਢੀਆਂ ਦਾ ਵਿੰਗਾ ਟੇਢਾ ਹੋਣਾ (Rickets), ਮਿਰਗੀ (Epilepsy) ਵਗੈਰਾ !

ਬਾਹਰੀ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿਤੇ ਜਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਡੂ ਢਾਂਚਾ ਕੰਮ ਕਰਦੇ ਹਨ)

PILAES (IN OINTMENT)	- ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO	(IN OINTMENT OR LOTION) --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA	(IN OINTMENT OR LOTION) ---ਠੰਢ ਕਾਰਣ ਹੋਣ ਹੋਣ ਵਾਲੀਆਂ ਉਭਰਨ ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA	(IN OINTMENT) ------- ਚਮੜਾ, ਸੋਜ (SPRAINS) ਚੋਟਾਂ ਸੋਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA	(IN OIL OR OINTMENT) ---ਠੰਡਾ, ਪੱਠਿਆਂ ਅਤੇ ਸੋਜਾ ਵਿਚ ਸਿਰ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE	(IN OIL) ---- ਸੋਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN	(IN OIL) -ਸੱਟਾ ਦਾ ਦਰਦਰ, ਵਾਧ ਬੋਟਾ ਨਾਲ ਕਸਰਤਾਨ ਵਿਚ ਅਤੇ ਸੋਟਾਂ ਚ ਅਫਰਾਰਾਨ ਨੂੰ ਆਰਾਮ -	£19
CALWOUN	(IN OIL OR OINTMENT) --- ਸੋਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਮਤ ਦਰਦਾਂ ਤੋਂ ਆਰਾਮ-	£19
BURCAN	(IN LOTION OR OINTMENT)-- ਚਿਹਰੇ ਦੀ ਤਰ੍ਹਾ ਮਸਟ ਦੇ ਦਰਦਾ ਅਤੇ ਛਾਲਿਆਂ ਤੇ ਮੁਕੰਮਲ ਆਰਾਮ ---	£19
ROUTUM	(IN OINTMENT) -- ਸਰੀਰ ਦੇ ਚਿਹਰੇ ਦੀ ਚਿੱਟੇ ਵਿਚ ਕਿਸਟਲੀਆਂ ਦੀ ਸਿਰ ਅਤੇ ਦਰਦਾਂ ਤੋਂ ਆਰਾਮ ----	£19
JOINRHU	(IN OIL) -- ਸੋਟਾਂ ਦੇ ਦਰਦਾ, ਸਿਰ ਸੋਟ ਦਾਰਦਾ, ਚੱਕ ਪੈਣ ਅਤੇ ਕੋਲੋਸਾਲ ਪੱਠਿਆਂ ਦੀ ਸਿਰ ਤੋਂ ਆਰਾਮ-	£19
ASSSIL	(IN LOTION) -- ਕਿਸਟਲੀਆਂ ਦਾ ਛੋਟੇ ਪੱਧਰ ਤੇ ਜਮਾਂ ਬਣ ਜਾਣ ਦੀ ਹਾਲਤ ਵਿਚ ਮੁਕੰਮਲ ਆਰਾਮ ----	£19
ITCSUL	(IN OIL)---- ਸਰੀਰ ਉੱਤੇ ਚਿਹਰੇ ਦੀ ਤਰ੍ਹਾ ਦੀ ਖਾਰਸ਼ ਤੋਂ ਆਰਾਮ ----------	£19
WARTHU	(IN OIL) -- ਹਰ ਤਰ੍ਹਾ ਦੇ ਮੁਸਕੜ, ਤਲ, ਸਪਰੇਅ ਜਾ ਗੰਭੀਰ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾਂ 'ਤੇ ਹੋਰ ਹੋਸਪਾਲ ਆਰਥਰਾਨ ਜਾਂ ਫੀਲਡ ਚਲਾਂਦੀ ਹੋਵੇ ! (ਹਰ ਆਰਥਰਾਨ ਲਾਭ £10 ਹਿੰਦਿਕ ਤੇ ਹੋਸਪਾਲ ਅਤੀ)

ਹਰ ਤਰ੍ਹਾਂ ਦੇ ਲਿੰਗਾਂ ਅਤੇ ਉਮਰਾਂ ਨਾਲ ਸਰੀਰ ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਪੱਕੇ ਸਮਾਰਥਾਨੀ ਅਤੀ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਸਾਈਬਰ ਅਪਰਾਧਾਂ ਦਾ ਵਧਦਾ ਖਤਰਾ ਅਤੇ ਇਸ ਤੋਂ ਸੁਰੱਖਿਆ ਦੇ ਢੰਗ

ਸਾਈਬਰ:- ਸਾਈਬਰ ਸ਼ਬਦ ਗਰੀਕ ਭਾਸ਼ਾ ਦੇ ਸਾਈਬਰਨੇਟਿਕ ਸ਼ਬਦ ਤੋਂ ਬਣਿਆ ਹੈ ।ਸਾਈਬਰ ਦਾ ਅਰਥ ਹੈ ਕੰਪਿਊਟਰ, ਇਲੈਕਟ੍ਰਾਨਿਕ ਨੈੱਟਵਰਕ, ਖਾਸ ਕਰਕੇ ਇੰਟਰਨੈੱਟ, ਇਲੈਕਟ੍ਰਾਨਿਕ ਸੰਚਾਰ ਅਤੇ ਸੰਬੰਧਿਤ ਟੈਕਨੋਲੋਜੀ ਨੂੰ ਸ਼ਾਮਲ ਕਰਨਾ ਜਾਂ ਵਰਤਣਾ।ਇੰਟਰਨੈਟ ਦੀ ਦੁਨੀਆ ਜਿਸ ਵਿੱਚ ਕੰਪਿਊਟਰ ਅਧਾਰਿਤ ਟੈਕਨੋਲੋਜੀ ਦੀ ਵਰਤੋਂ ਕਰਕੇ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੀ ਸਾਈਬਰ ਦਾ ਨਾਮ ਦਿੱਤਾ ਜਾ ਸਕਦਾ ਹੈ ।

ਸਾਈਬਰ ਅਪਰਾਧ:- ਸਾਈਬਰ ਅਪਰਾਧ ਕੰਪਿਊਟਰ, ਨੈੱਟਵਰਕ, ਇੰਟਰਨੈੱਟ ਅਤੇ ਹੋਰ ਡਿਜੀਟਲ ਡਿਵਾਈਸਿਜ਼ ਦੀ ਵਰਤੋਂ ਕਰਕੇ ਕੀਤਾ ਜਾਣ ਵਾਲਾ ਅਪਰਾਧ ਹੈ। ਕਿਸੇ ਵੀ ਡਿਜੀਟਲ ਕੰਪਿਊਟਿੰਗ ਡਿਵਾਈਸ ਦੀ ਵਰਤੋਂ ਕਰਕੇ ਕਿਸੇ ਨੂੰ ਕਿਸੇ ਵੀ ਤਰ੍ਹਾ ਦਾ ਨੁਕਸਾਨ ਪਹੁੰਚਾਉਣਾ ਸਾਈਬਰ ਅਪਰਾਧ ਹੈ। ਜਾਂ ਹੋਰ ਸ਼ਬਦਾਂ ਵਿੱਚ ਇਹ ਬੋਲ ਸਕਦੇ ਹਾਂ ਕਿ ਇਲੈਕਟਰੋਨਿਕ ਸਾਧਨਾ ਦੀ ਵਰਤੋਂ ਕਰਕੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਸਰੀਰਕ ਜਾਂ ਮਾਨਸਿਕ ਤੌਰ ਤੇ ਪਰੇਸ਼ਾਨ ਕਰਨਾ ਜਾਂ ਉਸਦੀ ਕਿਸੇ ਪ੍ਰਕਾਰ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਸਾਈਬਰ ਅਪਰਾਧ ਵਜੋਂ ਜਾਣਿਆ ਜਾਂਦਾ ਹੈ। ਮੇਰੇ ਮੁਤਾਬਿਕ ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਚੋਰਾਂ ਅਤੇ ਠੱਗਾਂ ਦਾ ਐਡਵਾਂਸ ਵਰਜਨ ਹਨ । ਇਹ ਉਹ ਪੜ੍ਹੇ ਲਿਖੇ ਵਿਅਕਤੀ ਹਨ ਜਿਨਾਂ ਨੂੰ ਡਿਜੀਟਲ ਡਿਵਾਈਸਾਂ ਦੀ ਵਰਤੋਂ ਵਧੀਆ ਤਰੀਕੇ ਨਾਲ ਕਰਨੀ ਆਉਂਦੀ ਹੈ ਪਰ ਇਹ ਉਸ ਦੀ ਵਰਤੋਂ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਅਤੇ ਆਪਣੇ ਫਾਇਦੇ ਲਈ ਕਰਦੇ ਹਨ । ਇੰਟਰਨੇਟ ਦੀ ਵਰਤੋਂ ਦਿਨੋਂ ਦਿਨ ਵੱਧ ਰਹੀ ਹੈ ।ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅੱਜ ਦੇ ਸਮੇਂ ਵਿੱਚ ਇੰਟਰਨੇਟ ਅਤੇ ਕੰਪਿਊਟਰ ਅਧਾਰਿਤ ਟੈਕਨੋਲੋਜੀ ਦਾ ਫਾਇਦਾ ਉਠਾਉਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ ਪਰ ਮਾੜੀ ਗੱਲ ਇਹ ਹੈ ਕਿ ਨਾਲ ਹੀ ਇਸ ਦਾ ਦੁਰਉਪਯੋਗ ਕਰਨ ਵਾਲੇ ਵੀ ਵੱਧਦੇ ਜਾ ਰਹੇ ਹਨ । ਇਸ ਲਈ ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ।

ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀ ਕਈ ਤਰੀਕਿਆਂ ਨਾਲ ਇਹ ਅਪਰਾਧ ਕਰਦੇ ਹਨ । ਉਹਨਾਂ ਦੇ ਇਹ ਅਪਰਾਧ ਕਰਨ ਦੇ ਤਰੀਕਿਆਂ ਅਤੇ ਕੀਤੇ ਜਾਣ ਵਾਲੇ ਅਪਰਾਧਾਂ ਦੇ ਆਧਾਰ ਤੇ ਅਸੀਂ ਸਾਈਬਰ ਅਪਰਾਧਾਂ ਨੂੰ ਇਹਨਾਂ ਕਿਸਮਾਂ ਵਿਚ ਵੰਡ ਸਕਦੇ ਹਾਂ:-

1. ਹੈਕਿੰਗ:- ਸਾਈਬਰ ਅਪਰਾਧ ਵਿੱਚ ਹੈਕਿੰਗ ਸਭ ਤੋਂ ਪੁਰਾਣਾ ਅਤੇ ਜਿਆਦਾ ਵਰਤਿਆ ਜਾਣ ਵਾਲਾ ਸ਼ਬਦ ਹੈ । ਜਦੋਂ ਕੋਈ ਵਿਅਕਤੀ ਕਿਸੇ ਹੋਰ ਦੇ ਕੰਪਿਊਟਰ ਸਿਸਟਮ, ਕਿਸੇ ਖ਼ਾਸ ਸਾਫਟਵੇਅਰ, ਜਾਂ ਕਿਸੇ ਦੇ ਨਿੱਜੀ ਡਾਟਾ ਤੱਕ ਅਣਅਧਿਕਾਰਤ ਪਹੁੰਚ ਕਰਦਾ ਹੈ ਤਾਂ ਉਸ ਨੂੰ ਹੈਕਿੰਗ ਕਿਹਾ ਜਾਂਦਾ ਹੈ ਅਤੇ ਅਜਿਹਾ ਅਪਰਾਧ ਕਰਨ ਵਾਲੇ ਵਿਅਕਤੀ ਨੂੰ ਇੱਕ ਹੈਕਰ ਕਿਹਾ ਜਾਂਦਾ ਹੈ । ਹੈਕਰ ਕਿਸੇ ਵਿਅਕਤੀ ਦੇ ਕੰਪਿਊਟਰ ਸਿਸਟਮ ਤੱਕ ਪਹੁੰਚ ਕਰਨ ਲਈ ਅਲੱਗ ਅਲੱਗ ਤਰ੍ਹਾਂ ਦੇ ਸਾਫਟਵੇਅਰਾਂ ਦੀ ਵਰਤੋਂ ਕਰਦੇ ਹਨ । ਇਹ ਕੰਮ ਉਹ ਰਿਮੋਟ ਲੋਕੇਸ਼ਨ ਤੋਂ ਵੀ ਕਰ ਸਕਦਾ ਹੈ । ਇਸ ਲਈ ਕਈ ਵਾਰ ਤਾਂ ਇਹ ਪਤਾ ਹੀ ਨਹੀਂ ਚਲਦਾ ਕਿ ਕੋਈ ਸਾਡੇ ਕੰਪਿਊਟਰ ਸਿਸਟਮ ਵਿਚ ਨਜ਼ਰ ਰੱਖ ਰਿਹਾ ਹੈ । ਹੈਕਰ ਦਾ ਮੁੱਖ ਉਦੇਸ਼ ਕਿਸੇ ਦੀ ਨਿੱਜੀ ਜਾਣਕਾਰੀ ਨੂੰ ਨੁਕਸਾਨ ਪਹੁੰਚਾਉਣਾ ਜਾਂ ਹੇਰਾਫੇਰੀ ਕਰਨਾ ਹੁੰਦਾ ਹੈ ।

2. ਡਾਟਾ ਡਿੱਡਲਿੰਗ:- ਡਾਟਾ ਡਿਡਲਿੰਗ ਤੋਂ ਭਾਵ ਹੈ ਕੰਪਿਊਟਰ ਸਿਸਟਮ ਦੀ ਵਰਤੋਂ ਕਰਕੇ ਕਿਸੇ ਵਿਅਕਤੀ ਦਾ ਡਾਟਾ ਉਸ ਦੀ ਮਨਜ਼ੂਰੀ ਤੋਂ ਬਿਨਾਂ ਆਪਣੇ ਨਿੱਜੀ ਹਿੱਤ ਲਈ ਬਦਲਣਾ, ਗਲਤ ਡਾਟਾ ਐਂਟਰ ਕਰਨਾ, ਡਲੀਟ ਕਰਨਾ ਆਦਿ ।ਅਜਿਹੇ ਅਪਰਾਧ ਕਰਨ ਵਾਲਾ ਵਿਅਕਤੀ ਕਿਸੇ ਦੁਆਰਾ ਭਰੀ ਜਾ ਰਹੀ ਆਨਲਾਈਨ ਐਂਟਰੀਆਂ ਨੂੰ ਬਦਲ ਸਕਦਾ ਹੈ ਜਾਂ ਡਿਲੀਟ ਕਰ ਸਕਦਾ ਹੈ ਤਾਂ ਜੋ ਆਪਣੇ ਕਿਸੇ ਨਿੱਜੀ ਹਿੱਤ ਲਈ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

3. ਵੈੱਬ ਜੈਕਿੰਗ:- ਸਾਈਬਰ ਅਪਰਾਧ ਕਰਨ ਵਾਲਾ ਵਿਅਕਤੀ ਜਦੋਂ ਕਿਸੇ ਹੋਰ ਦੀ ਬਣਾਈ ਹੋਈ ਵੈੱਬਸਾਈਟ ਨੂੰ ਹੈਕ ਕਰ ਲੈਂਦਾ ਹੈ ਤਾਂ ਉਸ ਨੂੰ ਵੈੱਬ ਜੈਕਿੰਗ ਕਹਿੰਦੇ ਹਨ । ਅਜਿਹੇ ਅਪਰਾਧੀ ਕਿਸੇ ਹੋਰ ਦੀ ਬਣਾਈ ਹੋਈ ਵੈੱਬ ਸਾਈਟ ਵਿਚ ਅਣਅਧਿਕਾਰਤ ਬਦਲਾਵ ਕਰ ਸਕਦਾ ਹੈ ।

4. ਸਟਾਕਿੰਗ:- ਸਟਾਕਿੰਗ ਸ਼ਬਦ ਦਾ ਅਰਥ ਹੈ ਕਿਸੇ ਦੇ ਪਿੱਛੇ ਪੈ ਜਾਣਾ ਜਾਂ ਕਿਸੇ ਦਾ ਪਿੱਛਾ ਕਰਨਾ । ਜਦੋਂ ਕੋਈ ਵਿਅਕਤੀ ਇੰਟਰਨੈੱਟ ਅਧਾਰਿਤ ਐਪਲੀਕੇਸ਼ਨ, ਸਾਫਟਵੇਅਰ ਜਾਂ ਸੋਸ਼ਲ ਮੀਡੀਆ ਤੇ ਕਿਸੇ ਵਿਅਕਤੀ ਦੀ ਮਨਜ਼ੂਰੀ ਤੋਂ ਬਿਨਾਂ ਪਿੱਛੇ ਪੈ ਕੇ ਉਸਨੂੰ ਪਰੇਸ਼ਾਨ ਜਾਂ ਬਲੈਕਮੇਲ ਕਰਦਾ ਹੈ ਤਾਂ ਉਸਨੂੰ ਸਟੋਕਿੰਗ ਅਪਰਾਧ ਕਿਹਾ ਜਾਂਦਾ ਹੈ । ਅਜਿਹੇ ਅਪਰਾਧੀ ਕਿਸੇ ਨੂੰ ਅਣਚਾਹੇ ਸਮੱਗਰੀ ਜਾਂ ਸੰਦੇਸ਼ ਭੇਜ ਕੇ ਤੰਗ ਕਰਦੇ ਹਨ ਅਤੇ ਉਸ ਨੂੰ ਨਿੱਜੀ ਜਾਣਕਾਰੀ ਦੇਣ ਲਈ ਮਜਬੂਰ ਕਰਦੇ ਹਨ ।

5. ਪਾਇਰੇਸੀ:- ਜਦੋਂ ਕੋਈ ਵਿਅਕਤੀ ਕਿਸੇ ਦੂਸਰੇ ਵਿਅਕਤੀ ਦੁਆਰਾ ਬਣਾਏ ਸਾਫਟਵੇਅਰ ਜਾਂ ਹੋਰ ਕੰਪਿਊਟਰ ਅਧਾਰਿਤ ਸਮੱਗਰੀ ਨੂੰ ਉਸਦੀ ਮਨਜ਼ੂਰੀ ਤੋਂ ਬਿਨਾਂ ਕਾਪੀ ਕਰਕੇ ਕਿਸੇ ਨੂੰ ਵੇਚਦਾ ਹੈ ਤਾਂ ਉਸਨੂੰ ਪਾਈਰੇਸੀ ਕਹਿੰਦੇ ਹਨ । ਅਜਿਹਾ ਕਰਨ ਨਾਲ ਅਸਲ ਮਾਲਕ ਨੂੰ ਭਾਰੀ ਨੁਕਸਾਨ ਹੁੰਦਾ ਹੈ । ਕਿਸੇ ਦੂਜੇ ਵਿਅਕਤੀ ਦੀਆਂ ਬਣਾਈਆਂ ਵੀਡੀਓਜ ਅਤੇ ਆਡੀਓਜ ਆਦਿ ਸਮੱਗਰੀ ਦੀ ਪਾਇਰੇਸੀ ਤਾਂ ਆਮ ਜਿਹੀ ਗੱਲ ਹੋ ਗਈ ਹੈ ।

6. ਫਿਸ਼ਿੰਗ:- ਫਿਸ਼ਿੰਗ ਸ਼ਬਦ ਦਾ ਅਰਥ ਹੈ ਕਿਸੇ ਨੂੰ ਧੋਖਾ ਦੇ ਕੇ ਆਪਣੇ ਜਾਲ ਵਿੱਚ ਫਸਾਉਣਾ । ਅਜਿਹੇ ਅਪਰਾਧੀ ਕਿਸੇ ਨੂੰ ਈਮੇਲ, ਜਾਂ ਮੈਸੇਜ ਆਦਿ ਭੇਜ ਕੇ ਕੋਈ ਖਾਸ ਆਕਰਸ਼ਕ ਪੇਸ਼ਕਸ਼ਾਂ ਦਿੰਦੇ ਹਨ ਤਾਂ ਜੋ ਉਹਨਾਂ ਨੂੰ ਗੁਮਰਾਹ ਕਰਕੇ ਨਿੱਜੀ ਜਾਣਕਾਰੀ ਜਿਵੇਂ ਕਿ ਕ੍ਰੈਡਿਟ ਕਾਰਡ ਨੰਬਰ, ਡੈਬਿਟ ਕਾਰਡ ਨੰਬਰ, ਨੈੱਟ ਬੈਂਕਿੰਗ ਆਈ. ਡੀ. ਪਾਸਵਰਡ ਆਦਿ ਪ੍ਰਾਪਤ ਕੀਤੀ ਜਾ ਸਕੇ । ਫਿਰ ਅਜਿਹੇ ਅਪਰਾਧੀ ਇਹ ਸਭ ਜਾਣਕਾਰੀ ਦੀ ਦੁਰਵਰਤੋਂ ਕਰਦੇ ਹਨ ।

7. ਟ੍ਰੋਲਿੰਗ:- ਟ੍ਰੋਲਿੰਗ ਦਾ ਅਰਥ ਹੈ ਦੂਜਿਆਂ ਨੂੰ ਭੜਕਾਉਣ ਲਈ ਨੁਕ-ਸਾਨਦੇਹ ਜਾਂ ਪਰੇਸ਼ਾਨ ਕਰਨ ਵਾਲੀ ਸਮੱਗਰੀ ਆਨਲਾਈਨ ਪੋਸਟ ਕਰਨਾ । ਇਹ ਵੀ ਸਾਈਬਰ ਅਪਰਾਧ ਦਾ ਇੱਕ ਰੂਪ ਹੈ ਜੋ ਭਾਵਨਾਤਮਕ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਕਿਸੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇੱਕ ਵਿਰੋਧੀ ਆਨਲਾਈਨ ਵਾਤਾਵਰਣ ਬਣਾ ਸਕਦਾ ਹੈ। ਟ੍ਰੋਲਿੰਗ ਵਿੱਚ ਪਰੇਸ਼ਾਨੀ, ਨਫ਼ਰਤ ਭਰੀ ਬੋਲੀ ਅਤੇ ਸਾਈਬਰ ਧੱਕੇਸ਼ਾਹੀ ਸ਼ਾਮਲ ਹੋ ਸਕਦੀ ਹੈ ਅਤੇ ਪੀੜਤਾਂ ਲਈ ਗੰਭੀਰ ਨਤੀਜੇ ਹੋ ਸਕਦੇ ਹਨ।

8. ਜਾਸੂਸੀ:- ਕੰਪਿਊਟਰ ਆਧਾਰਿਤ ਸਿਸਟਮ ਦੀ ਵਰਤੋਂ ਕਰਕੇ ਕਿਸੇ ਵਿਅਕਤੀ, ਕਿਸੇ ਵਿਅਕਤੀਆਂ ਦੇ ਗਰੁੱਪ, ਕਿਸੇ ਕੰਪਨੀ ਜਾਂ ਕਿਸੇ ਵੀ ਸੰਸਥਾ ਦੀ ਚੋਰੀ-ਚੋਰੀ ਅਣਅਧਿਕਾਰਤ ਜਾਣਕਾਰੀ ਹਾਸਿਲ ਕਰਨ ਦੀ ਕੋਸ਼ਿਸ਼ ਕਰਨਾ ਅਤੇ ਉਸ ਜਾਣਕਾਰੀ ਦੀ ਦੁਰਵਰਤੋਂ ਕਰਨਾ ਜਾਂ ਆਪਣੇ ਹਿੱਤ ਲਈ ਵਰਤਣਾ ਵੀ ਇੱਕ ਸਾਈਬਰ ਅਪਰਾਧ ਹੈ।

9. ਸਮੈਪਿੰਗ:- ਜਦੋਂ ਕੋਈ ਵਿਅਕਤੀ ਕਿਸੇ ਨੂੰ ਬਿਨਾਂ ਆਗਿਆ ਤੋਂ ਫਾਲਤੂ ਦੀਆਂ ਈਮੇਲਾਂ ਜਾਂ ਸੰਦੇਸ਼ ਭੇਜੇ ਉਸਨੂੰ ਸਮੈਪਿੰਗ ਕਿਹਾ ਜਾਂਦਾ ਹੈ । ਕਈ ਵਿਅਕਤੀ ਕਿਸੇ ਚੀਜ ਦੀ ਮਾਰਕੀਟਿੰਗ ਲਈ ਵੀ ਅਜਿਹੇ ਕੰਮ ਕਰਦੇ ਹਨ ।ਇਹ ਵੀ ਇਕ ਸਾਈਬਰ ਅਪਰਾਧ ਹੈ । ਇਸ ਤਰ੍ਹਾਂ ਦੇ ਅਪਰਾਧੀ ਦਾ ਉਦੇਸ਼ ਕਿਸੇ ਨੂੰ ਆਪਣੇ ਨਿੱਜੀ ਹਿੱਤ ਲਈ ਕਿਸੇ ਖਾਸ ਪ੍ਰਕਿਰਿਆ ਵਿੱਚ ਫਸਾਉਣ ਦਾ ਹੁੰਦਾ ਹੈ । ਅਪਰਾਧੀ ਕਿਸੇ ਤੋਂ ਗੁਪਤ ਸੂਚਨਾ ਲੈ ਕੇ ਉਸਦੀ ਦੁਰਵਰਤੋਂ ਵੀ ਕਰ ਸਕਦਾ ਹੈ ।

10. ਈਮੇਲ ਸਪੂਫਿੰਗ:-ਇਹ ਇਕ ਅਜਿਹੀ ਆਨਲਾਈਨ ਕਾਰਵਾਈ ਹੈ ਜਿਸ ਵਿਚ ਕੋਈ ਅਣਜਾਣ ਵਿਅਕਤੀ ਦੁਆਰਾ ਆਪਣਾ ਈਮੇਲ ਐਡਰੈਸ ਹਾਈਡ ਕਰਕੇ ਦੂਸਰਿਆਂ ਨੂੰ ਈਮੇਲਾਂ ਜਾਂ ਸੰਦੇਸ਼ ਭੇਜੇ ਜਾਂਦੇ ਹਨ। ਇਸ ਨੂੰ ਈਮੇਲ ਸਪੂਫ਼ਿੰਗ ਕਿਹਾ ਜਾਂਦਾ ਹੈ । ਅਜਿਹੇ ਅਪਰਾਧੀ ਦੂਸਰਿਆਂ ਨੂੰ ਡਰਾਉਣ, ਧਮਕਾਉਣ ਲਈ ਜਾਂ ਕਿਸੇ ਨੂੰ ਬਲੈਕਮੇਲ ਕਰਕੇ ਉਸ ਤੋਂ ਜਾਣਕਾਰੀ ਹਾਸਿਲ ਕਰਨ ਲਈ ਅਜਿਹਾ ਕਰਦੇ ਹਨ ।

ਸਾਈਬਰ ਅਪਰਾਧੀ ਅਪਰਾਧ ਕਰਨ ਦੇ ਨਵੇਂ ਨਵੇਂ ਤਰੀਕੇ ਖੋਜਦੇ ਰਹਿੰਦੇ ਹਨ ਪਰ ਅਜਿਹਾ ਨਹੀਂ ਹੈ ਕਿ ਅਸੀਂ ਸਭ ਸਾਈਬਰ ਅਪਰਾਧੀਆਂ ਦੇ ਸ਼ਿਕਾਰ ਹੋ ਜਾਵਾਂਗੇ । ਇਸ ਤੋਂ ਬਚਣ ਦੇ ਵੀ ਕਈ ਤਰੀਕੇ ਹਨ । ਅਜਿਹਾ ਦੇਖਣ ਵਿੱਚ ਜਰੂਰ ਆਇਆ ਹੈ ਕਿ ਕੰਪਿਊਟਰ ਅਧਾਰਿਤ ਸਿਸਟਮ ਅਤੇ ਇੰਟਰਨੈਟ ਦੀ ਘੱਟ ਜਾਣਕਾਰੀ ਹੋਣ ਨਾਲ ਲੋਕੀ ਸਾਈਬਰ ਅਪਰਾਧੀਆਂ ਦੇ ਜਲਦੀ ਸ਼ਿਕਾਰ ਹੋ ਜਾਂਦੇ ਹਨ ।

ਸਾਈਬਰ ਅਪਰਾਧ ਤੋਂ ਬਚਣ ਲਈ ਕੁਝ ਸੁਝਾਵ:-

1. ਮਜ਼ਬੂਤ ਪਾਸਵਰਡ:- ਕੰਪਿਊਟਰ ਅਧਾਰਿਤ ਜਿਹੜੇ ਵੀ ਅਸੀਂ ਡਿਵਾਈਸ ਵਰਤ ਰਹੇ ਹਾਂ ਉਸ ਦਾ ਪਾਸਵਰਡ ਮਜਬੂਤ ਹੋਣਾ ਚਾਹੀਦਾ ਹੈ । ਅਜਿਹਾ ਪਾਸਵਰਡ ਰੱਖੋ ਜਿਸ ਦਾ ਆਸਾਨੀ ਨਾਲ ਅੰਦਾਜਾ ਨਾ ਲਗਾਇਆ ਜਾ ਸਕੇ । ਇਸ ਡਿਵਾਈਸ ਵਿੱਚ ਅਸੀਂ ਜਿੰਨੇ ਵੀ ਆਪਣੇ ਨਿੱਜੀ ਅਕਾਊਂਟ ਲੋਗ ਇਨ ਕੀਤੇ ਹੋਏ ਹਨ ਜਾਂ ਕਰਦੇ ਹਾਂ ਉਹਨਾਂ ਦੇ ਪਾਸਵਰਡ ਵੀ ਇੰਨੇ ਮਜਬੂਤ ਰੱਖੋ ਕਿ ਇਸਨੂੰ ਦੂਸਰਾ ਵਿਅਕਤੀ ਨਾ ਖੋਲ ਸਕੇ । ਪੈਸਿਆਂ ਦਾ ਲੈਣ ਦੇਣ ਕਰਨ ਵਾਲਾ ਕੋਈ ਵੀ ਅਕਾਊਂਟ ਹੋਵੇ ਉਸ ਦਾ ਪਾਸਵਰਡ ਆਪਣੇ ਡਿਵਾਈਸ ਵਿੱਚ ਸੇਵ ਨਾ ਕਰੋ ।

2. ਸੁਰੱਖਿਤ ਇੰਟਰਨੇਟ ਕੁਨੈਕਸ਼ਨ:- ਅੱਜ ਅਸੀਂ ਸਾਰੇ ਹੀ ਆਪਣੀ ਨਿੱਜੀ ਜਾਣਕਾਰੀ ਆਨਲਾਈਨ ਵਰਤਦੇ ਹਾਂ । ਇਸ ਲਈ ਸਾਡਾ ਇੰਟਰਨੈਟ ਕਨੈਕਸ਼ਨ ਸੁਰੱਖਿਤ ਹੋਣਾ ਚਾਹੀਦਾ ਹੈ। ਸਾਨੂੰ ਬਿਨਾਂ ਪਾਸਵਰਡ ਸੁਰੱਖਿਆ ਵਾਲੇ ਜਨਤਕ ਵਾਈਫਾਈ ਤੋਂ ਬਚਣਾ ਚਾਹੀਦਾ ਹੈ । ਬਿਨਾਂ ਕਾਰਨ ਤੋਂ ਅਣਜਾਨ ਵਿਅਕਤੀਆਂ ਨਾਲ ਇੰਟਰਨੈਟ ਕਨੈਕਸ਼ਨ ਸ਼ੇਅਰ ਨਹੀਂ ਕਰਨਾ ਚਾਹੀਦਾ ।

3. ਸ਼ੱਕੀ ਵੈੱਬਸਾਈਟ ਅਤੇ ਲਿੰਕ ਤੋਂ ਦੂਰ ਰਹੋ:- ਸਾਨੂੰ ਅਣਜਾਣ ਵਿਅਕਤੀਆਂ ਦੁਆਰਾ ਭੇਜੇ ਗਏ ਕਿਸੇ ਵੀ ਤਰ੍ਹਾਂ ਦੇ ਮੈਸੇਜ ਚਾਹੇ ਉਹ ਸਾਨੂੰ ਟੈਕਸਟ ਮੈਸੇਜ ਆਉਣ, ਕਿਸੇ ਸੋਸ਼ਲ ਮੀਡੀਆ ਰਾਹੀਂ ਮੈਸੇਜ ਕੀਤੇ ਜਾਣ ਜਾਂ ਕਿਸੇ ਈਮੇਲ ਰਾਹੀਂ ਸਾਨੂੰ ਮੈਸੇਜ ਕੀਤੇ ਜਾਣ ਉਹਨਾਂ ਦੇ ਝਾਂਸੇ ਵਿੱਚ ਨਹੀਂ ਆਉਣਾ ਚਾਹੀਦਾ । ਜਦੋਂ ਸਾਨੂੰ ਕੋਈ ਅਣਜਾਣ ਵਿਅਕਤੀ ਕੋਈ ਲਿੰਕ ਭੇਜਦਾ ਹੈ ਤਾਂ ਸਾਨੂੰ ਉਸ ਉੱਪਰ ਕਲਿੱਕ ਨਹੀਂ ਕਰਨਾ ਚਾਹੀਦਾ ।

4. ਸੰਵੇਦਨਸ਼ੀਲ ਡਾਟਾ ਤੋਂ ਸਾਵਧਾਨ:- ਜਦੋਂ ਅਸੀਂ ਕੋਈ ਵੀ ਆਪਣਾ ਭੌਤਿਕ ਦਸਤਾਵੇਜ ਕੋਈ ਡੈਬਿਟ ਕਾਰਡ ਕੋਈ ਕ੍ਰੈਡਿਟ ਕਾਰਡ ਸੁੱਟਣਾ ਚਾਹੁੰਦੇ ਹਾਂ ਤਾਂ ਕਦੇ ਵੀ ਇਸਨੂੰ ਨਸ਼ਟ ਕੀਤੇ ਬਿਨਾਂ ਨਾ ਸੁੱਟੋ । ਇਹ ਧਿਆਨ ਰੱਖੋ ਕਿ ਉਸਨੂੰ ਪੂਰੀ ਤਰ੍ਹਾਂ ਨਸ਼ਟ ਕੀਤਾ ਜਾਏ ਤਾਂ ਜੋ ਉਸ ਉਪਰ ਦਿੱਤੇ ਹੋਏ ਨੰਬਰ ਨੂੰ ਕੋਈ ਦੂਸਰਾ ਵਿਅਕਤੀ ਨਾ ਜਾਣ ਪਾਵੇ ਅਤੇ ਇਸ ਉਪਰ ਲੱਗੀ ਹੋਈ ਚਿੱਪ ਨੂੰ ਨਾ ਵਰਤਿਆ ਜਾ ਸਕੇ ।

5. ਤੁਰੰਤ ਕਾਰਵਾਈ:- ਅਗਰ ਕਦੇ ਵੀ ਤੁਹਾਡੇ ਨਾਲ ਕਿਸੇ ਵੀ ਪ੍ਰਕਾਰ ਦਾ ਸਾਈਬਰ ਕ੍ਰਾਈਮ ਹੋ ਜਾਂਦਾ ਹੈ ਤਾਂ ਤੁਹਾਨੂੰ ਉਸ ਦੇ ਖਿਲਾਫ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ । ਤੁਹਾਨੂੰ ਸਾਈਬਰ ਕ੍ਰਾਈਮ ਦੇ ਟੋਲ ਫਰੀ ਨੰਬਰਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ।

6. ਓ.ਟੀ.ਪੀ. ਸ਼ੇਅਰ ਨਾ ਕਰੋ:- ਅੱਜ ਕੱਲ ਹਰ ਵਿਅਕਤੀ ਦਾ ਬੈਂਕ ਖਾਤਾ ਚਾਹੇ ਕਿਸੇ ਵੀ ਬੈਂਕ ਵਿੱਚ ਹੋਵੇ ਉਸ ਨੂੰ ਮੋਬਾਈਲ ਨੰਬਰ ਨਾਲ ਲਿੰਕ ਕੀਤਾ ਹੋਇਆ ਹੈ । ਇਹ ਬਹੁਤ ਹੀ ਜਰੂਰੀ ਹੈ ਕਿ ਅਸੀਂ ਕਦੇ ਵੀ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਫੋਨ ਜਾਂ ਈਮੇਲ ਵਿੱਚ ਆਏ ਹੋਏ ਓ.ਟੀ.ਪੀ. ਨੰਬਰ ਨਹੀਂ ਦਸਣਾ ਚਾਹਿਦਾ ਹੈ । ਕਿਉਂਕਿ ਇਹ ਆਮ ਗੱਲ ਹੋ ਗਈ ਹੈ ਅਣਜਾਨ ਵਿਅਕਤੀਆਂ ਦੁਆਰਾ ਸਾਡੀ ਨਿੱਜੀ ਜਾਣਕਾਰੀ ਪ੍ਰਾਪਤ ਕਰ ਕੇ ਸਾਨੂੰ ਗੁਮਰਾਹ ਕਰਕੇ ਓ.ਟੀ.ਪੀ. ਪੁੱਛੇ ਜਾਂਦੇ ਹਨ ।

7. ਆਪਣੇ ਡਿਵਾਈਸਾਂ ਨੂੰ ਸੁਰੱਖਿਤ ਰੱਖੋ:- ਆਪਣੇ ਕੰਪਿਊਟਰ ਅਧਾਰਿਤ ਡਿਵਾਈਸਾਂ ਨੂੰ ਹਮੇਸ਼ਾ ਸੁਰੱਖਿਤ ਰੱਖਣਾ ਚਾਹੀਦਾ ਹੈ ।ਇਸ ਵਿੱਚ ਸਮੇਂ ਸਮੇਂ ਤੇ ਸਾਫਟਵੇਅਰ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ । ਇਸ ਵਿੱਚ ਐਂਟੀ ਵਾਇਰਸ ਜਰੂਰ ਇੰਸਟਾਲ ਕਰਨੇ ਚਾਹੀਦੇ ਹਨ ।

8. ਓਵਰ ਸ਼ੇਅਰਿੰਗ ਤੋਂ ਬਚੋ:- ਅੱਜ ਬਹੁਤ ਸਾਰੇ ਵਿਅਕਤੀਆਂ ਨੇ ਸੋਸ਼ਲ ਮੀਡੀਆ ਤੇ ਅਕਾਊਂਟ ਬਣਾਏ ਹੋਏ ਹਨ। ਸਾਨੂੰ ਇਸ ਅਕਾਊਂਟ ਵਿੱਚ ਆਪਣੀ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਬਚਣਾ ਚਾਹੀਦਾ ਹੈ । ਕਦੇ ਵੀ ਆਪਣੀ ਕੋਈ ਵੀ ਅਜਿਹੀ ਫੋਟੋ ਜਾਂ ਵੀਡੀਓ ਸ਼ੇਅਰ ਨਾ ਕੀਤੀ ਜਾਏ ਜਿਸ ਦੀ ਦੁਰਵਰਤੋਂ ਕਰਕੇ ਕੋਈ ਵਿਅਕਤੀ ਤੁਹਾਨੂੰ ਬਲੈਕਮੇਲ ਕਰ ਸਕੇ । ਯਾਦ ਰੱਖੋ ਓਵਰ ਸ਼ੇਅਰਿੰਗ ਵੀ ਇਕ ਗੰਭੀਰ ਸਮੱਸਿਆ ਬਣ ਜਾਂਦੀ ਹੈ ।

ਸਿੱਟੇ ਵਜੋਂ, ਸਾਈਬਰ ਅਪਰਾਧ ਸਾਡੀ ਵਧਦੀ ਡਿਜੀਟਲ ਦੁਨੀਆ ਵਿੱਚ ਇੱਕ ਨਿਰੰਤਰ ਅਤੇ ਵਿਕਸਤ ਹੋ ਰਿਹਾ ਖ਼ਤਰਾ ਬਣਿਆ ਹੋਇਆ ਹੈ, ਜਿਸ ਲਈ ਵਿਅਕਤੀਆਂ, ਸੰਗਠ

ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ

"ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥"

ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਹਿ ਕੇ ਸਨਮਾਨਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਮਹਾਨ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨਾਲ ਭਾਰਤ ਦੀ ਦੱਬੀ ਕੁਚਲੀ ਆਮ ਜਨਤਾ ਉਸ ਸਮੇਂ ਮੁਗਲ ਹਾਕਮਾਂ ਨਾਲ ਟੱਕਰ ਲੈਣ ਤੇ ਕੁਰਬਾਨੀਆਂ ਦੇਣ ਲਈ ਤਿਆਰ ਬਰ ਤਿਆਰ ਹੋ ਗਈ ਸੀ। ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਇੱਕ ਅਦੁੱਤੀ ਸ਼ਹੀਦੀ ਵਜੋਂ ਜਾਣਿਆ ਜਾਂਦਾ ਹੈ ਉਹਨਾਂ ਦੀ ਸ਼ਹਾਦਤ ਕੋਈ ਆਮ ਸ਼ਹਾਦਤ ਨਹੀਂ ਸੀ ਸਗੋਂ ਕੱਟੜਵਾਦੀ ਕਦਰਾਂ-ਕੀਮਤਾਂ ਤੋਂ ਉੱਪਰ ਉੱਠ ਕੇ ਧਾਰਮਿਕ ਅਜ਼ਾਦੀ ਅਤੇ ਮਨੁੱਖਤਾ ਦੀ ਭਲਾਈ ਹਿੱਤ ਦਿੱਤੀ ਗਈ ਸ਼ਹਾਦਤ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਿਸਾਲ ਦੁਨੀਆ ਦੇ ਕਿਸੇ ਇਤਿਹਾਸ ਵਿੱਚ ਨਹੀਂ ਮਿਲਦੀ ।

ਗੁਰੂ ਤੇਗ ਬਹਾਦਰ ਜੀ ਦਾ ਜਨਮ ਅਠਾਰਾਂ ਅਪ੍ਰੈਲ 1622 ਈ. ਨੂੰ ਅੰਮ੍ਰਿਤਸਰ ਵਿਖੇ ਗੁਰੂ ਕਾ ਮਹੱਲ ਵਿੱਚ ਹੋਇਆ। ਆਪ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਬਚਪਨ ਦਾ ਨਾਮ ਤਿਆਗ ਮੱਲ ਸੀ। 1635 ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਗੁਰੂ ਹਰਗੋਬਿੰਦ ਜੀ ਨੇ ਇਨ੍ਹਾਂ ਦੀ ਬਹਾਦਰੀ ਨੂੰ ਵੇਖਦਿਆਂ ਆਪ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ। ਜਿਸਦਾ ਅਰਥ ਤਲਵਾਰ ਦਾ ਧਨੀ ਹੈ।ਆਪ ਜੀ ਨੇ 9 ਸਾਲ ਦੇ ਕਰੀਬ ਸਮਾਂ ਅੰਮ੍ਰਿਤਸਰ ਵਿਖੇ ਗੁਜ਼ਾਰਿਆ ਅਤੇ ਫਿਰ ਕਰਤਾਰਪੁਰ ਜਿਲ੍ਹਾ ਜਲੰਧਰ ਵਿਖੇ ਚਲੇ ਗਏ। ਗੁਰੂ ਜੀ ਦੇ ਭੈਣ ਭਰਾਵਾਂ ਦੇ ਨਾਮ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ, ਬਾਬਾ ਅਟੱਲ ਰਾਏ ਅਤੇ ਬੀਬੀ ਵੀਰੋ ਹਨ। ਗੁਰੂ ਜੀ ਬਚਪਨ ਤੋਂ ਹੀ ਸੰਤ ਸਰੂਪ ਅਡੋਲ ਚਿੱਤ ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ ਗੁਰੂ ਜੀ ਕਈ ਕਈ ਘੰਟੇ ਸਮਾਧੀ ਵਿੱਚ ਲੀਨ ਹੋਏ ਬੈਠੇ ਰਹਿੰਦੇ । ਆਪ ਜੀ ਦੀ ਮਾਤਾ ਦਾ ਨਾਂ ਨਾਨਕੀ ਸੀ। ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਵਿੱਦਿਆ ਆਪਣੀ ਦੇਖ ਰੇਖ ਹੇਠ ਦਵਾਈ ਆਪ ਜੀ ਸੁੰਦਰ, ਵਿਦਵਾਨ ,ਸੂਰਬੀਰ , ਸ਼ਸਤਰਧਾਰੀ ਤੇ ਧਰਮ ਤੇ ਰਾਜਨੀਤੀ ਵਿੱਚ ਨਿਪੁੰਨ ਸਨ।ਗੁਰੂ ਹਰ ਗੋਬਿੰਦ ਸਾਹਿਬ ਨੇ ਉਹਨਾਂ ਨੂੰ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਦੀ ਦੇਖ ਰੇਖ ਵਿੱਚ ਪੜ੍ਹਾਈ ਲਈ ਛੱਡ ਦਿੱਤਾ। ਜਿਹਨਾਂ ਨੇ ਸਿੱਖਿਆ ਦੇ ਨਾਲ-ਨਾਲ ਤੇਗ ਬਹਾਦਰ ਨੂੰ ਤੀਰ-ਅੰਦਾਜੀ, ਘੋੜ-ਸਵਾਰੀ ਤੇ ਲੜਾਈ ਦੇ ਗੁਰ ਵੀ ਸਮਝਾਏ। ਗੁਰੂ ਤੇਗ ਬਹਾਦਰ ਨੂੰ ਪੁਰਾਣੀਆਂ ਸਾਖੀਆਂ ਅਤੇ ਗੁਰਬਾਣੀ ਵਿੱਚ ਵੀ ਨਿਪੁੰਨ ਕੀਤਾ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੈ, ਉਨ੍ਹਾਂ ਵਿੱਚ 15 ਰਾਗਾਂ ਦੇ 59 ਸ਼ਬਦ ਤੇ 57 ਸ਼ਲੋਕ ਹਨ। ਉਹਨਾਂ ਨੇ ਦੋਹਾਂ ਖੇਤਰਾਂ ਵਿੱਚ ਖ਼ਾਸ ਦਿਲਚਸਪੀ ਦਿਖਾਈ ਅਤੇ ਨਿਪੁੰਨਤਾ ਹਾਸਲ ਕੀਤੀ। ਗੁਰੂ ਤੇਗ ਬਹਾਦਰ ਦੇ ਬਕਾਲਾ ਰਹਿੰਦੇ ਸਮੇਂ ਹੀ ਸੱਤਵੇਂ ਗੁਰੂ ਹਰ ਰਾਇ ਅਤੇ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰੂਆਈ ਮਿਲ ਚੁੱਕੀ ਸੀ ਪਰ ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਲੈਣ ਵਿੱਚ ਵੀ ਕੋਈ ਉਤਸ਼ਾਹ ਨਹੀਂ ਦਿਖਾਇਆ। ਆਪ ਦਾ ਵਿਆਹ ਲਖਨੌਰੀ ਪਿੰਡ ਦੇ ਲਾਲਚੰਦ ਦੀ ਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋ ਬਾਅਦ ਆਪ ਪਿੰਡ ਬਕਾਲਾ ਆ ਕੇ ਉਥੇ 26 ਸਾਲ 9ਮਹੀਨੇ 13 ਦਿਨ ਭੋਰੇ ਵਿੱਚ ਬੈਠ ਕੇ ਸਿਮਰਨ ਕਰਦੇ ਰਹੇ ਸਨ। ਗੁਰੂ ਹਰਕ੍ਰਿਸ਼ਨ ਜੀ ਨੇ ਜੋਤੀ ਜੋਤ ਸਮੇਂ ਆਖਰੀ ਸ਼ਬਦ "ਬਾਬਾ ਬਕਾਲਾ" ਕਹੇ ਸਨ। ਜਿਸਦਾ ਅਰਥ ਅਗਲਾ ਗੁਰੂ ਦਾ ਬਾਬਾ ਬਕਾਲਾ ਵਿਖੇ ਹੋਣਾ ਸੀ। ਵਪਾਰੀ

ਲੱਖੀ ਸ਼ਾਹ ਲੁਬਾਣਾ ਦਾ ਜਦੋਂ ਜਹਾਜ਼ ਡੁੱਬਦਾ ਸੀ ਤਾਂ ਉਸਨੇ ਅਰਦਾਸ ਕੀਤੀ ਕਿ ਉਹ ਗੁਰੂ ਜੀ ਦੇ ਚਰਨਾਂ ਵਿੱਚ 500 ਮੋਹਰਾਂ ਭੇਟ ਕਰੇਗਾ। ਜਦੋਂ ਲੱਖੀ ਸ਼ਾਹ ਲੁਬਾਣਾ ਬਾਬਾ ਬਕਾਲਾ ਵਿਖੇ ਪਹੁੰਚਿਆਂ ਤਾਂ ਉਸਨੇ 22 ਮੰਜੀਆਂ ਤੇ ਗੁਰੂ ਬੈਠੇ ਹੋਏ ਵੇਖੇ ਜਿਸ ਕਾਰਨ ਮੱਖਣ ਸ਼ਾਹ ਲੁਬਾਣਾ ਨੇ ਹਰ ਇੱਕ ਅੱਗੇ 2-2 ਮੋਹਰਾਂ ਰੱਖੀਆਂ ਜਦੋਂ ਤੇਗ ਬਹਾਦਰ ਜੀ ਕੋਲ ਪਹੁੰਚਿਆ ਤਾਂ ਉਨ੍ਹਾਂ ਬਾਕੀ ਮੋਹਰਾਂ ਦੀ ਮੰਗ ਕੀਤੀ। ਜਿਸ ਤੋਂ ਲੱਖੀ ਸ਼ਾਹ ਲੁਬਾਣਾ ਨੇ ਖੁਸ਼ ਹੋ ਕੇ ਕਿਹਾ 'ਗੁਰੂ ਲਾਧੋ ਰੇ ਗੁਰੂ ਲਾਧੋ'ਗੁਰੂ ਮਿਲ ਗਿਆ ਹੈ। ਇਸ ਪ੍ਰਕਾਰ ਤੇਗ ਬਹਾਦਰ ਜੀ ਨੂੰ ਗੁਰੂ ਮੰਨ ਲਿਆ ਗਿਆ। ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਧੀਰ ਮੱਲ ਅਤੇ ਪ੍ਰਿਥੀ ਚੰਦ ਦੀਆਂ ਸੰਤਾਨਾਂ ਦਾ ਵਿਰੋਧ ਸਹਿਣਾ ਪਿਆ।ਗੁਰਗੱਦੀ ਤੇ ਬੈਠਣ ਤੋਂ ਬਾਅਦ ਗੁਰੂ ਜੀ ਨੂੰ ਅੰਮ੍ਰਿਤਸਰ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਇਸ ਤਰ੍ਹਾਂ ਗੁਰੂ ਜੀ ਨੇ ਹਰਮਿੰਦਰ ਸਾਹਿਬ ਕੋਲ ਨਿਵਾਸ ਕੀਤਾ। ਜਿੱਥੇ ਗੁਰਦੁਆਰਾ ਥੜ੍ਹਾ ਸਾਹਿਬ ਬਣਾਇਆ ਗਿਆ। ਫਿਰ ਗੁਰੂ ਜੀ ਨੇ ਧਰਮ ਪ੍ਰਚਾਰ ਲਈ ਯਾਤਰਾਵਾਂ ਕਰਨੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਅੰਮ੍ਰਿਤਸਰ ਵਿੱਚ ਘੁੱਕੇ ਵਾਲੀ ਗਏ ਜਿਥੇ ਕੁਦਰਤੀ ਸੁੰਦਰਤਾ ਬਹੁਤ ਸੀ ਜਿਸ ਤੋਂ ਖੁਸ਼ ਹੋ ਕੇ ਇਸਦਾ ਨਾਮ 'ਗੁਰੂ ਕਾ ਬਾਗ' ਰੱਖ ਦਿੱਤਾ। ਫਿਰ ਗੁਰੂ ਜੀ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਤੋਂ ਮਾਲਵਾ ਪਰਦੇਸ਼ ਦੇ ਇਲਾਕੇ ਤਲਵੰਡੀ ਸਾਬੋ, ਮੋੜ ਮੰਡੀ, ਮਹਿਸਰਖਾਨਾ ਆਦਿ ਥਾਵਾਂ ਤੇ ਗਏ। ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਰਾਣੀ ਜਲਾਲ ਦੇਵੀ ਤੋਂ 500 ਰੁ: ਵਿੱਚ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਾਂ ਦਾ ਸ਼ਹਿਰ ਵਸਾਇਆ ਜਿਸ ਨੂੰ ਫਿਰ ਮਾਖੋਵਾਲ ਕਿਹਾ ਜਾਣ ਲੱਗਾ। ਇਹ ਨਗਰ 16 ਜੂਨ 1665 ਵਿੱਚ ਵਸਾਇਆ ਗਿਆ। ਜਿਸ ਨੂੰ ਅੱਜ ਕੱਲ੍ਹ ਅਨੰਦਪੁਰ ਸਾਹਿਬ ਕਿਹਾ ਜਾਂਦਾ ਹੈ।

ਮੁਗਲ ਸ਼ਾਸਕ ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਕਿਸੇ ਪਾਸੇ ਨਾ ਸੁਣੀ ਗਈ ਤਾਂ ਉਨ੍ਹਾਂ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲੈਣ ਦਾ ਨਿਸ਼ਚੈ ਕੀਤਾ। 25 ਮਈ, 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਜੱਥਾ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਇਆ। ਉਹਨਾਂ ਕਿਹਾ ਕਿ ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ ਤੇ ਸਿਰਫ਼ ਕਿਸੇ ਮਹਾਂਪੁਰਖ ਦੀ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਕੋਲ ਬੈਠੇ ਬਾਲ ਗੋਬਿੰਦ ਰਾਇ ਜੀ ਨੇ ਕਿਹਾ ਕਿ ਪਿਤਾ ਜੀ ਆਪ ਜੀ ਤੋਂ ਬਿਨਾਂ ਹੋਰ ਮਹਾਂਪੁਰਖ ਕੌਣ ਹੋ ਸਕਦਾ ਹੈ? ਆਪ ਆਪਣਾ ਬਲੀਦਾਨ ਦੇ ਕੇ ਇਨ੍ਹਾਂ ਦੇ ਡੁੱਬਦੇ ਹੋਏ ਧਰਮ ਦੀ ਰੱਖਿਆ ਕਰੋ। ਆਪਣੇ ਬਾਲ ਦੇ ਨਿੱਕੇ ਜਿਹੇ ਮੂੰਹੋਂ ਏਨੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬਾਲਕ ਆਉਣ ਵਾਲੀ ਹਰ ਔਖੀ ਤੋਂ ਔਖੀ ਘੜੀ ਦਾ ਸਾਹਮਣਾ ਕਰਨ ਲਈ ਹਰ ਪੱਖੋਂ ਸਮਰੱਥ ਹੈ। ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਬਾਲ ਗੋਬਿੰਦ ਰਾਇ ਨੂੰ ਗੁਰਗੱਦੀ ਦੇ ਦਸਵੇਂ ਵਾਰਿਸ ਥਾਪ ਕੇ ਆਪ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਆਦਿ ਸਿੱਖਾਂ ਨਾਲ ਦਿੱਲੀ ਵੱਲ ਕੁਰਬਾਨੀ ਦੇਣ ਚੱਲ ਪਏ। ਗੁਰੂ ਜੀ ਨੂੰ ਚੜ੍ਹਦੀ ਕਲਾ ਵਿੱਚ ਵੇਖ ਕੇ ਅਤੇ ਉਨ੍ਹਾਂ ਦੁਆਰਾ ਇਸਲਾਮ ਨਾ ਕਬੂਲਣ ਦੇ ਅਟੱਲ ਨਿਸ਼ਚੈ ਨੂੰ ਵੇਖ ਕੇ ਔਰੰਗਜ਼ੇਬ ਗੁੱਸੇ ਵਿੱਚ ਕੰਬ ਉੱਠਿਆ। ਕੁਰਬਾਨੀ ਲਈ ਤਿਆਰ ਗੁਰੂ ਜੀ ਨੂੰ ਦੇਖ ਕੇ ਉਸ ਦੇ ਮਨਸੂਬਿਆਂ ਦੀਆਂ ਨੀਹਾਂ ਹਿੱਲ ਗਈਆਂ। ਆਪਣੀ ਇਸ ਹਾਰ ਨੂੰ ਵੇਖ ਕੇ ਉਸ ਨੇ ਅੰਤ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਦੇ ਮੁਰੀਦਾਂ ਨੂੰ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਾਵੇ।

ਔਰੰਗਜ਼ੇਬ ਦੇ ਹੁਕਮ ਅਨੁਸਾਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ। ਇਸ ਪ੍ਰਕਾਰ ਇੱਕ-ਇੱਕ ਕਰਕੇ ਗੁਰੂ ਜੀ ਦੇ ਮੁਰੀਦਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਹੋਣੀ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਜਿਸ ਨੂੰ ਵੇਖ ਕੇ ਗੁਰੂ ਜੀ ਡੋਲੇ ਨਹੀਂ ਸਗੋਂ ਉਨ੍ਹਾਂ ਦਾ ਸਿਦਕ ਹੋਰ ਵੀ ਅਡੋਲ ਹੋ ਗਿਆ।ਅੰਤ ਮਿਤੀ 11 ਨਵੰਬਰ, 1675 ਈ: ਨੂੰ ਚਾਂਦਨੀ ਚੌਕ ਵਿਖੇ ਕਾਜ਼ੀ ਨੇ ਫ਼ਤਵਾ ਪੜ੍ਹਿਆ। ਜੱਲਾਦ ਜਲਾਲਦੀਨ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਪਰ ਆਪਣੇ ਮੂੰਹੋਂ ਸੀਅ ਨਾ ਉਚਾਰੀ। ਆਪ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਬਚਿਤਰ ਨਾਟਕ' ਵਿੱਚ ਲਿਖਿਆ ਹੈ:

"ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥"

ਭਾਈ ਜੈਤਾ ਜੀ ਸਿਪਾਹੀਆਂ ਤੋਂ ਅੱਖ ਬਚਾ ਕੇ ਗੁਰੂ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚ ਗਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਸਤਿਕਾਰ ਪੂਰਵਕ ਪ੍ਰਾਪਤ ਕਰਦਿਆਂ ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਵਰ ਦਿੱਤਾ। ਗੁਰੂ ਜੀ ਦਾ ਧੜ ਭਾਈ ਲੱਖੀ ਸ਼ਾਹ ਆਪਣੇ ਘਰ ਲੈ ਗਿਆ। ਉਸ ਨੇ ਆਪਣੇ ਘਰ ਨੂੰ ਅਗਨ-ਭੇਂਟ ਕਰ ਕੇ ਗੁਰੂ ਜੀ ਦਾ ਦਾਹ-ਸੰਸਕਾਰ ਕੀਤਾ ।ਉਸ ਸਮੇਂ ਬਾਲ ਗੋਬਿੰਦ ਰਾਇ ਨੇ ਮੁੱਖ ਤੋਂ ਉਚਰਿਆ।

'ਤੇਗ ਬਹਾਦਰ ਕੇ ਚਲਤ ਭਇਓ ਜਗਤ ਮੇ ਸ਼ੋਕ
ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਗੁਰ ਲੋਕ॥'

24 ਨਵੰਬਰ 2025 ਨੂੰ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਮਨਾਈ ਜਾ ਰਹੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਤੋਂ ਜਾਣੂ ਕਰਵਾਇਆ ਜਾ ਸਕੇ।

ਬਰਜਿੰਦਰ ਕੌਰ ਬਿਸਰਾਓ...
9988901324

ਬੁਰੀ ਨਜ਼ਰ

"ਬੇਟਾ ਤੁਸੀਂ ਡਾਕਟਰ ਲੋਕ ਨਜ਼ਰ ਨੂੰ ਮੰਨਦੇ ਹੋ?" ਉਸ ਦਿਨ ਆਪਣੇ ਡਾਕਟਰ ਪਤੀ ਅਤੇ ਚਾਰ ਸਾਲ ਦੇ ਬੇਟੇ ਨਾਲ ਰਾਤੀ ਡਿਨਰ ਤੇ ਆਈ ਡਾਕਟਰ ਸਾਹਿਬਾਂ ਨੂੰ ਮੈਂ ਪੁੱਛਿਆ।

"ਬਿਲਕੁੱਲ ਐਂਕਲ, ਮੈਂ ਮੰਨਦਾ ਹਾਂ ਨਜ਼ਰ ਨੂੰ। ਬੱਚਿਆਂ ਨੂੰ ਜਲਦੀ ਲੱਗ ਜਾਂਦੀ ਹੈ।" ਇਸ ਤੋਂ ਪਹਿਲਾਂ ਕਿ ਬੱਚੇ ਦੀ ਡਾਕਟਰ ਮੰਮੀ ਕੋਈ ਜਵਾਬ ਦਿੰਦੀ, ਡਾਕਟਰ ਸਾਹਿਬ ਖੁਦ ਹੀ ਬੋਲ ਪਏ। ਉਹ ਆਪਣੇ ਵਿਸ਼ੇ ਦੇ ਸੁਪਰ ਸਪੈਸ਼ਲਿਸਟ ਹਨ ਅਤੇ ਦੋਨੋ ਜੀਅ ਆਪਣਾ ਹਸਪਤਾਲ ਚਲਾਉਂਦੇ ਹਨ। ਸਾਡੇ ਘਰ ਵਿੱਚ ਛੋਟੇ ਬੱਚਿਆਂ ਦੇ ਲਗਾਤਾਰ ਰੋਣ ਅਤੇ ਸੁਭਾਅ ਵਿੱਚ ਤਲਖੀ ਨੂੰ ਲੈਕੇ ਨਜ਼ਰ ਲੱਗ ਗਈ ਦਾ ਰਾਗ ਅਲਾਪਿਆ ਜਾਂਦਾ ਹੈ। ਬੇਗਮ ਕੋਈ ਨਾ ਕੋਈ ਔੜ ਪੌੜ ਕਰਦੀ ਨਜ਼ਰ ਆਉਂਦੀ ਹੈ। ਮੈਂ ਨਜ਼ਰ ਲੱਗਣ ਨੂੰ ਨਹੀਂ ਮੰਨਦਾ। ਮੇਰੀ ਮਾਂ ਨਾਲ ਵੀ ਮੇਰੀ ਇਹੀ ਬਹਿਸ ਹੁੰਦੀ ਸੀ। ਉਹ ਵੀ ਹਰ ਗੱਲ ਨੂੰ ਨਜ਼ਰ ਲੱਗ ਗਈ ਦੇ ਐਂਗਲ ਤੋਂ ਦੇਖਦੀ। ਫਿਰ ਉਹ ਝੱਟ ਸੱਤ ਸਾਬਤ ਮਿਰਚਾਂ ਬੱਚੇ ਤੋਂ ਵਾਰਕੇ ਮੱਚਦੇ ਚੁੱਲ੍ਹੇ ਵਿੱਚ ਸੁੱਟ ਦਿੰਦੀ। ਜਦੋਂ ਕੋਈ ਮੱਚਦੀਆਂ ਮਿਰਚਾਂ ਦੀ ਮੁਸ਼ਕ ਜਾਂ ਜਲਨ ਨਾ ਹੁੰਦੀ ਤਾਂ ਕਹਿੰਦੀ ਦੇਖਿਆ "ਮੈਂ ਆਖਿਆ ਸੀ ਨਾ ਨਜ਼ਰ ਲੱਗੀ ਹੈ। ਆਈ ਭੋਰਾ ਮੁਸ਼ਕ?" ਇਸ ਤਰ੍ਹਾਂ ਉਹ ਨਾਲ ਦੀ ਨਾਲ ਟੈਸਟ ਰਿਪੋਰਟ ਵੀ ਜਾਰੀ ਕਰ ਦਿੰਦੀ। ਘਰਾਂ ਵਿਚੋਂ ਚੁੱਲ੍ਹੇ ਖਤਮ ਹੋਗੇ। ਨਾ ਹੁਣ ਕਿਸੇ ਘਰੇ ਸਾਬਤ ਮਿਰਚਾਂ ਹੁੰਦੀਆਂ ਹਨ। ਹੁਣ ਬੱਚੇ ਤੋਂ ਲੂਣ ਵਾਰਿਆ ਜਾਂਦਾ ਹੈ ਤੇ ਪਾਣੀ ਵਿੱਚ ਬਹਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚਾ ਚੁੱਪ ਕਰ ਜਾਂਦਾ ਹੈ। ਕਈ ਵਾਰੀ ਰੂੰ ਦੀ ਬੱਤੀ ਬਾਲ ਕੇ ਲਟਕਾਈ ਜਾਂਦੀ ਹੈ। ਸਾਡੇ ਵਾਸ਼ਬੇਸਨ ਦੀ ਟੂਟੀ ਤੇ ਮੈਂ ਕਈ ਵਾਰੀ ਅੱਧ ਜਲੀ ਬੱਤੀ ਲਮਕਦੀ ਵੇਖੀ ਹੈ। ਪਰ ਚੁੱਪ ਕਰ ਜਾਂਦਾ ਹਾਂ। ਕਿਉਂਕਿ ਘਰ ਦਾ ਬਹੁਮਤ ਮੇਰੇ ਖਿਲਾਫ ਹੁੰਦਾ ਹੈ। ਪਹਿਲਾਂ ਸਿਰਫ ਮੇਰੇ ਪਾਪਾ ਮੇਰਾ ਸਾਥ ਦਿੰਦੇ ਸਨ। ਹੁਣ ਬੇਟਿਆਂ ਦਾ ਵੋਟ ਵੀ ਘਰ ਦੀ ਮਹਿਲਾ ਮੰਡਲੀ ਵੱਲ ਹੁੰਦਾ ਹੈ। ਫਿਰ ਮੇਰੇ ਕੋਲ੍ਹ ਚੁੱਪ ਕਰਨ ਦਾ ਹੀ ਆਪਸ਼ਨ ਹੁੰਦਾ ਹੈ। ਇੱਕ ਸੱਤ ਹਰੀਆਂ ਮਿਰਚਾਂ ਅਤੇ ਨਿੰਬੂ ਟੰਗਣ ਦਾ ਵੀ ਰਿਵਾਜ ਹੈ। ਇਹ ਕਾਰਵਾਈ ਸ਼ਾਇਦ ਸ਼ੁਕਰਵਾਰ ਜਾਂ ਸ਼ਨੀ ਵਾਰ ਨੂੰ ਪਾਈ ਜਾਂਦੀ ਹੈ। ਇਸ ਪੋਸੇ ਨਾਲ ਸਬੰਧਿਤ ਲੋਕ ਨਿਸਚਿਤ ਦਿਨ ਤੇ ਸੈਂਕੜੇ ਦੁਕਾਨਾਂ ਤੇ ਨਿੰਬੂ ਮਿਰਚਾਂ ਟੰਗਦੇ ਹਨ।

ਸੀਸ਼ਮਹਿਲ ਅਤੇ ਨਾਲਦੀਆਂ ਕਲੋਨੀਆਂ ਵਿੱਚ ਬਹੁਤ ਸੋਹਣੀਆਂ ਕੋਠੀਆਂ ਬਣੀਆਂ ਹਨ। ਇੱਕ ਤੋਂ ਇੱਕ ਵਧੀਆ। ਕਈਆਂ ਦੇ ਬਾਹਰ ਨਜ਼ਰ ਵੱਟੂ ਲਗਾਏ ਹੋਏ ਹਨ। ਕਾਲੇ ਰੰਗ ਦੇ ਲੋਹੇ ਦਾ ਬਣਿਆ ਡਰਾਉਣਾ ਜਿਹਾ ਪੱਤਰਾ। ਕਈ ਸੀਮੈਂਟ ਦਾ ਬਣਿਆ ਵੀ ਲੈ ਆਉਂਦੇ ਹਨ ਬਜਾਰੋਂ। "ਇਹ ਮਕਾਨ ਬਣਾਉਣ ਤੋਂ ਬਾਅਦ ਮਕਾਨ ਮਾਲਿਕ ਦੀ ਤਸਵੀਰ ਹੁੰਦੀ ਹੈ। ਮਕਾਨ ਦੇ ਖਰਚੇ ਮਾਲਿਕ ਦੀ ਜੀਭ ਬਾਹਰ ਕੱਢ ਦਿੰਦੇ ਹਨ।" ਇੱਕ ਦਿਨ ਚਿਣਾਈ ਵਾਲੇ ਮਿਸਤਰੀ ਨੇ ਹੱਸਦੇ ਨੇ ਕਿਹਾ ਸੀ। ਨਜ਼ਰ ਵੱਟੂ ਮਕਾਨਾਂ ਦੇ ਹੀ ਨਹੀਂ ਟੰਗਦੇ ਲੋਕ ਫੈਕਟਰੀਆਂ, ਪੰਪਾਂ ਅਤੇ ਵੱਡੇ ਅਦਾਰਿਆਂ ਦੇ ਵੀ ਟੰਗਦੇ ਹਨ। ਨਵੀ ਗੱਡੀ ਲਿਆ ਕਿ ਕਾਲੀ ਪਰਾਂਦੀ ਜਾਂ ਟੁੱਟੀ ਜੁੱਤੀ ਟੰਗੀ ਆਮ ਵੀ ਵੇਖੀ ਜਾਂਦੀ ਹੈ। "ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ।" ਤਕਰੀਬਨ ਹਰ ਟਰੱਕ ਦੇ ਪਿੱਛੇ ਲਿਖਿਆ ਹੁੰਦਾ ਹੈ। ਨਜ਼ਰ ਲਾਂਵੇਗਾ ਤੇ ਜੁੱਤੀ ਖਾਵੇਗਾ। ਉਥੇ ਜੁੱਤੀ ਲਿਖਣ ਦੀ ਬਜਾਏ ਜੁੱਤੀ ਦੀ ਫੋਟੋ ਬਣੀ ਹੁੰਦੀ ਹੈ। ਕੁਝ ਵੀ ਹੈ ਇਹ ਨਜ਼ਰ ਲਾਉਣ ਵਾਲਿਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮਾਡਰਨ ਪੀੜ੍ਹੀ ਇਸਨੂੰ ਗੁਡ ਵੇਵਜ ਅਤੇ ਬੈਡ ਵੇਵਜ ਕਹਿ ਦਿੰਦੀ ਹੈ। ਬਹੁਤੇ ਜੋਤਸ਼ੀ, ਸਿਆਣੇ ਨਜ਼ਰ ਦਾ ਹੀ ਖੱਟਿਆ ਖਾਂਦੇ ਹਨ। ਉਹ ਨਜ਼ਰ ਦੇ ਪ੍ਰਭਾਵ ਨੂੰ ਰੋਕਣ ਦੇ ਉਪਾਅ ਦੱਸਦੇ ਹਨ ਇਸੇ ਨਾਲ ਹੀ ਉਹਨਾਂ ਦਾ ਤੋਰੀ ਫੁਲਕਾ ਚਲਦਾ ਹੈ।

ਰਮੇਸ਼ ਸੇਠੀ ਬਾਦਲ
9876627233

ਇਕ ਕਹਾਣੀ/ ਸਨਮਾਨ

ਸੁਣੋ ਜੀ ,ਇੱਕ ਖੁਸ਼ਖਬਰੀ ਸੁਣਾਵਾਂ!!ਫੇਸਬੁਕ ਤੇ ਲਿਖਦਿਆਂ ਲਿਖਦਿਆਂ ਦੀ ਕਦੋਂ ਕਿਸਮਤ ਚਮਕਦੀ, ਮੈਨੂੰ ਆਪ ਨੂੰ ਵੀ ਨਹੀਂ ਪਤਾ ਲੱਗਿਆ ਹੁਣ ਪਿੰਡ ਚ ਤੁਹਾਡੀ ਬੱਲੇ ਬੱਲੇ ਹੋਣੀ ਕਿਉਂਕਿ ਹੁਣ ਤੁਹਾਡੀ ਘਰਵਾਲੀ ਨੂੰ ਰਾਜ ਪੁਰਸਕਾਰ ਮਿਲਣਾ- ਰਾਜ ਪੁਰਸਕਾਰ! ,ਜੀਤੀ ਨੇ ਬੜੀ ਉਤਸੁਕਤਾ ਨਾਲ ਆਪਣੇ ਘਰ ਵਾਲੇ ਜੋਗਿੰਦਰ ਸਿੰਘ ਨੂੰ ਕਿਹਾ ਜੋ ਸ਼ਹਿਰ ਵਿੱਚ ਮਸਾ ਦਸ ਕ ਹਜ਼ਾਰ ਦੀ ਨੌਕਰੀ ਕਰਦਾ ਸੀ। ਏਨੀ ਗੱਲ ਸੁਣ ਜੋਗਿੰਦਰ ਵੀ ਬਹੁਤ ਖੁਸ਼ ਹੋ ਗਿਆ ਤੇ ਬੋਲਿਆ ,"ਫਿਰ ਤਾਂ ਬਹੁਤ ਬਹੁਤ ਮੁਬਾਰਕਾਂ ਤੈਨੂੰ!!

ਹਾ ਸੱਚ !ਸਰਕਾਰ ਨੂੰ ਕਿਵੇਂ ਪਤਾ ਲੱਗਾ ਵੀ ਤੂੰ ਵੀ ਆਹ ਲਿਖ ਲੁੱਖ ਲੈਣੀ ਹੈ?? ਜੋਗਿੰਦਰ ਨੇ ਸਵਾਲ ਕੀਤਾ

"ਕਰ ਲਓ ਗੱਲ," ਸਰਕਾਰ ਨੂੰ ਦੱਸਣ ਨੂੰ ਮੇਰਾ ਵੀਰ ਹੈ ਨਾ ਮੇਰੇ ਨਾਲ ਫੇਸਬੁਕ ਤੇ ਉਹਦਾ ਫੋਨ ਆਇਆ ਸੀ ਮੈਨੂੰ ਆਖਿਆ ਭੈਣੇ ਬੜਾ ਸੋਹਣਾ ਲਿਖਦੇ ਹੋ ਤੁਹਾਨੂੰ ਰਾਜ ਪੁਰਸਕਾਰ ਮਿਲਣਾ ਚਾਹੀਦਾ, ਜੀਤੀ ਨੇ ਬੜੀ ਖੁਸੀ ਨਾਲ ਕਿਹਾ।

"ਆਪਾਂ ਜਾਵਾਂਗੇ ਤੜਕੇ ਗੁਰਦੁਆਰੇ ਜਾ ਕੇ ਮੱਥਾ ਟੇਕ ਅਵਗੇ ਇਹ ਰਹਿਮਤਾ ਨਿਆਮਤਾ ਹਰੇਕ ਦੇ ਪੱਲੇ ਨਹੀਂ ਪੈਂਦੀਆਂ, ਚਲ ਰੋਟੀ ਲਿਆ ਬਾਹਲੀ ਭੁੱਖ ਲੱਗੀ ਹੈ ਅੱਜ ਤਾਂ ਸੇਠ ਨੇ ਪੱਬ ਨਹੀਂ ਲੱਗਣ ਦਿੱਤਾ ' ਜੋਗਿੰਦਰ ਨੇ ਜੀਤੀ ਨੂੰ ਕਿਹਾ । ਅਚਾਨਕ ਫੋਨ ਦੀ ਘੰਟੀ ਵੱਜਦੀ ਹੈ ਫੋਨ ਸੁਣਨ ਤੋਂ ਬਾਅਦ ਜੀਤੀ ਦੇ ਚਿਹਰੇ ਦਾ ਇੱਕਦਮ ਰੰਗ ਬਦਲ ਗਿਆ ਦੇਖ ਜੋਗਿੰਦਰ ਪੁੱਛਦਾ 'ਕੀ ਹੋਇਆ '? ਹੁਣੇ ਤਾਂ ਹਵਾ ਚ ਉੱਡੀ ਫਿਰਦੀ ਸੀ ।" ਜੀ 5500 ਮੰਗਦੇ ਹਨ ,ਤੁਸੀ ਕਰੋ ਨਾ ਕੋਈ ਭਣਤੜ , ਜਿਤੀ ਨੇ ਡਰਦੀ ਡਰਦੀ ਨੇ ਕਿਹਾ ਓਹ ਕਮਲੀਏ ਕਿੰਨਾ ਪੰਗਿਆ ਚ ਪੈ ਗਈ ਤੂੰ, ਆਪਾ 5500 ਚ ਹਜ਼ਾਰ ਕੰਮ ਸਵਾਰ ਲੈਣੇ ਹਨ ,ਓਹਨਾ ਨੂੰ ਪੈਸੇ ਦੇ ਕੇ ਇੱਕ ਲੱਕੜ ਦੀ ਘੁੱਗੀ ਤੇ ਓਹ ਕਾਗਦ ਜੇਹਾ ਕੀ ਕਰੇਗੀ,ਤੂੰ ਲਿਖੀ ਚੱਲ ਇੱਕ ਦਿਨ ਜਰੂਰ ਸਭ ਸਹੀ ਹੋ ਜਾਣਾ ਪਰ ਏਨਾ ਲਾਲਚੀ ਲੋਕਾਂ ਮਗਰ ਲੱਗ ਫੋਕੀ ਵਾਹ ਵਾਹ ਵਾਸਤੇ ਆਪਣੇ ਘਰ ਚ ਕਲੇਸ਼ ਨਾ ਵਿਡ , ਆਪਾ ਨੂੰ ਇਹਨਾਂ ਪੁਰਸਕਾਰਾਂ ਨਾਲੋ ਫੀਸ ਪੀਪੇ ਚ ਆਟਾ ਜਿਆਦਾ ਜਰੂਰੀ ਹੈ ।ਅੱਜ ਕਾਫੀ ਦਿਨ ਹੋ ਗਏ ਸੀ ਦੋਨਾਂ ਜੀਆ ਚ ਇਹ ਗੱਲ ਹੋਈ ਨੂੰ ਤੇ ਅੱਜ ਹੀ ਜੀਤੀ ਨੂੰ ਉਸਦੀ ਸਹੇਲੀ ਨੇ ਦੱਸਿਆ ਕਿ ਅੱਜ ਸਸਮਾਗਮ ਹੈ ,

ਆਹ ਕੀ??ਫੇਸਬੁੱਕ ਤੇ ਤਾਂ ਹਰ ਕੋਈ ਰਾਜ ਪੁਰਸਕਾਰ ਚੱਕੀ ਫਿਰਦਾ ,ਸਮਾਜ ਭਲਾਈ ਦਾ ਕੋਈ ਕੰਮ ਤਾਂ ਕਿਧਰੇ ਦਿਖਦਾ ਨਹੀਂ,ਸੁਕਰ ਵਾਹਿਗੁਰੂ ,ਮੈਂ ਨਹੀਂ ਆਈ ਇਹਨਾ ਮੋਮੋਠਗਨਿਆਂ ਦੀਆਂ ਗੱਲਾਂ ਚ ਮੇਰੇ ਪੁੱਤ ਦੀ ਫੀਸ ਭਰੀ ਗਈ , ਕੁੱਝ ਪੈਸੇ ਨਾਲ ਬੇਬੇ ਨੂੰ ਸੂਟ ਲੈਣ ਦਿੱਤਾ ,ਠੰਡ ਤੋਂ ਬਚਾਅ ਹੋਜੂ,ਜਿਹੜੀ ਇਹਨਾਂ ਲੱਕੜ ਦੀ ਘੁੱਗੀ ਦਿੱਤੀ ਉਸ ਨਾਲ ਤਾਂ ਠੰਡ ਚ ਸਾਗ ਵੀ ਨਹੀਂ ਬਣਨਾ ਸੀ,ਹੱਸਦੀ ਹੱਸਦੀ ਜੀਤੀ ਨੇ ਉਸ ਚਾਪਲੂਸ ਬੰਦੇ ਦਾ ਨੰਬਰ ਬਲਾਕ ਕਰ ਦਿੱਤਾ ਤੇ ਕੁੱਝ ਲਿਖਣ ਲੱਗ ਗਈ।

ਮਨਪ੍ਰੀਤ ਕੌਰ ਸੰਧੂ
ਮੁੰਬਈ
ਵ੍ਹਟਸਐਪ 9769186791

ਮਹਾਨ ਕੋਸ਼ ਦੇ ਕਰਤਾ–ਭਾਈ ਕਾਨ੍ਹ ਸਿੰਘ ਨਾਭਾ

23 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼

ਭਾਰਤ ਦੇ ਪੁਰਾਣੇ ਪ੍ਰੰਪਰਾਵਾਦੀ ਸਾਹਿਤ ਵਿੱਚ ਸਾਨੂੰ ਕਵੀਆਂ ਜਾਂ ਲਿਖਾਰੀਆਂ ਦਾ ਜੀਵਨ ਬਿਰਤਾਂਤ ਲਿਖਤੀ ਰੂਪ ਵਿੱਚ ਨਹੀਂ ਮਿਲਦਾ। ਅਸਲ ਵਿੱਚ ਉਸ ਸਮੇਂ ਸਾਡੇ ਦੇਸ਼ ਵਿੱਚ ਅਜਿਹੀਆਂ ਜੀਵਨੀਆਂ ਲਿਖਣ ਦਾ ਰਿਵਾਜ ਹੀ ਨਹੀਂ ਸੀ। ਇਹ ਲਿਖਣ ਦੀ ਪ੍ਰੇਰਨਾ ਸਾਨੂੰ ਪੱਛਮ ਤੋਂ ਮਿਲੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਤੇ ਹੋਰ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਸੇਵਾ ਕੀਤੀ ਹੈ।

ਭਾਈ ਕਾਨ੍ਹ ਸਿੰਘ ਦਾ ਜਨਮ 27 ਅਗਸਤ 1861 ਈ: ਨੂੰ ਨਾਭਾ ਨੇੜੇ ਪਿੰਡ ਸਬਜ ਬਨੇਰਾ ਰਿਆਸਤ ਪਟਿਆਲਾ ਵਿਖੇ ਪਿਤਾ ਭਾਈ ਨਰਾਇਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ ਹੋਇਆ। ਉਹਨਾਂ ਦੇ ਪੜਦਾਦਾ ਬਾਬਾ ਨੌਧ ਸਿੰਘ ਪਿੰਡ ਪਿੱਥੋ ਰਿਆਸਤ ਨਾਭਾ ਦੇ ਚੌਧਰੀ ਸਨ ਅਤੇ ਦਾਦਾ ਬਾਬਾ ਸਰੂਪ ਸਿੰਘ ਬੜੇ ਭਜਨ-ਬੰਦਗੀ ਕਰਨ ਵਾਲੇ ਪੂਰਸ਼ ਸਨ। ਭਾਈ ਕਾਨ੍ਹ ਸਿੰਘ ਦੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ ਤੇ ਭਾਈ ਬਿਸ਼ਨ ਸਿੰਘ ਅਤੇ ਇੱਕ ਭੈਣ ਬੀਬੀ ਕਾਨ੍ਹ ਕੌਰ ਸੀ ਜੋ ਛੋਟੀ ਉਮਰ ਵਿੱਚ ਹੀ ਗੁਜ਼ਰ ਗਈ ਸੀ। ਭਾਈ ਕਾਨ੍ਹ ਸਿੰਘ ਨੇ ਛੋਟੀ ਉਮਰ ਵਿੱਚ ਡੇਰੇ 'ਚ ਪਿਤਾ ਜੀ ਪਾਸੋਂ ਪੰਜਾਬੀ, ਹਿੰਦੀ ਅਤੇ ਸਿੱਖ ਸਾਹਿਤ ਦਾ ਅਧਿਐਨ ਕੀਤਾ। ਜਦੋਂ ਉਹ ਪੰਜ ਸਾਲ ਦੇ ਸਨ ਤਾਂ ਪਿਤਾ ਜੀ ਨੇ ਉਹਨਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣਾ ਸ਼ੁਰੂ ਕੀਤਾ। ਸੱਤ ਸਾਲ ਦੀ ਉਮਰ ਵਿੱਚ ਉਹ ਪਾਠ ਕਰਨ ਲੱਗ ਪਏ ਸਨ।

ਭਾਈ ਕਾਨ੍ਹ ਸਿੰਘ ਦੇ ਪਹਿਲੇ ਉਸਤਾਦ ਭਾਈ ਭੂਪ ਸਿੰਘ ਸਨ ਜਿਨ੍ਹਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਤੇ ਗੁਰਮੁਖੀ ਪੜ੍ਹਾਈ। ਜਦੋਂ ਉਹ 20 ਸਾਲ ਦੇ ਹੋਏ ਤਾਂ ਉਹਨਾਂ ਦੇ ਮਨ ਵਿੱਚ ਫ਼ਾਰਸੀ ਅਤੇ ਅੰਗਰੇਜ਼ੀ ਪੜ੍ਹਨ ਦਾ ਸ਼ੌਕ ਜਾਗਿਆ। ਉਹਨਾਂ ਦੇ ਭਾਈ ਭੂਪ ਸਿੰਘ ਤੋਂ ਇਲਾਵਾ ਹੋਰ ਵੀ ਉਸਤਾਦ ਸਨ। ਇਹਨਾਂ ਵਿੱਚ ਬਾਵਾ ਕਲਿਆਣ ਦਾਸ, ਪੰਡਿਤ ਸ੍ਰੀ ਧਰ, ਭਾਈ ਰਾਮ ਸਿੰਘ, ਭਾਈ ਭਗਵਾਨ ਸਿੰਘ ਦੁੱਗ, ਭਾਈ ਸੰਤ ਸਿੰਘ ਸ਼ਾਮਲ ਸਨ। ਜਿਨ੍ਹਾਂ ਪਾਸੋਂ ਉਹਨਾਂ ਨੇ ਸੰਗੀਤ, ਫ਼ਾਰਸੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਦਾ ਗਿਆਨ ਹਾਸਲ ਕੀਤਾ। ਸੰਨ 1883 ਵਿੱਚ ਜਦੋਂ ਉਹਨਾਂ ਦੀ ਉਮਰ 22 ਸਾਲ ਦੀ ਹੋਈ ਤਾਂ ਆਪ ਲਾਹੌਰ ਪਹੁੰਚੇ। ਲਾਹੌਰ ਵਿੱਚ ਉਹਨਾਂ ਨੇ ਗੁਰ-ਮਤਿ ਸੰਬੰਧੀ ਪੰਜ ਗ੍ਰੰਥਾਂ ਦਾ ਸੰਪਾਦਨ ਸ਼ੁਰੂ ਕੀਤਾ ਅਤੇ ਅਨੇਕਾਂ ਹੀ ਪੁਸਤਕਾਂ ਪੜ੍ਹੀਆਂ। ਲਾਹੌਰ ਵਿੱਚ ਆਪ ਦੋ ਸਾਲ ਰਹੇ ਅਤੇ ਫਿਰ ਵਾਪਸ ਨਾਭੇ ਆ ਗਏ। ਹੁਣ ਮਾਤਾ-ਪਿਤਾ ਉਹਨਾਂ ਦੇ ਵਿਆਹ ਬਾਰੇ ਸੋਚਣ ਲੱਗੇ। ਉਹਨਾਂ ਦਾ ਪਹਿਲਾ ਵਿਆਹ ਪਿੰਡ ਧੂਰੇ ਰਿਆਸਤ ਪਟਿਆਲਾ ਅਤੇ ਦੂਜਾ ਵਿਆਹ ਮੁਕਤਸਰ (ਹੁਣ ਸ੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਦੋਵਾਂ ਪਤਨੀਆਂ ਦੇ ਗੁਜ਼ਰਨ ਪਿੱਛੋਂ ਉਹਨਾਂ ਦਾ ਤੀਜਾ ਵਿਆਹ ਪਿੰਡ ਰਾਮਗੜ੍ਹ ਜ਼ਿਲ੍ਹਾ ਪਟਿਆਲਾ ਵਿਖੇ ਬਸੰਤ ਕੌਰ ਨਾਲ ਹੋਇਆ। 1888 ਵਿੱਚ ਟਿੱਕਾ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦਾ ਕੰਮ ਉਹਨਾਂ ਦੇ ਜ਼ੁੰਮੇ ਲਾਇਆ। ਵਿਆਹ ਤੋਂ ਬਾਅਦ ਉਹ ਮਹਾਰਾਜਾ ਹੀਰਾ ਸਿੰਘ ਨਾਭਾ ਕੋਲ ਆ ਕੇ ਮਨਸ਼ੀ ਲੱਗ ਗਏ। ਮਹਾਰਾਜਾ ਹੀਰਾ ਸਿੰਘ ਵਿਦਵਾਨਾਂ ਦੇ ਬੜੇ ਕਦਰਦਾਨ ਸਨ ਅਤੇ ਚੰਗੇ-ਮੰਦੇ ਆਦਮੀ ਨੂੰ ਸਹਿਜੇ ਹੀ ਪਰਖ ਲੈਂਦੇ ਸਨ। ਉਹਨਾਂ 1892 'ਚ ਭਾਈ ਕਾਨ੍ਹ ਸਿੰਘ ਨੂੰ ਪ੍ਰਾਈਵੇਟ ਸਕੱਤਰ ਮੁਕੱਰਰ ਕੀਤਾ। ਇਸ ਤੋਂ ਥੋੜ੍ਹੇ ਚਿਰ ਪਿੱਛੋਂ ਹੀ ਸਿਟੀ ਮੈਜਿਸਟਰੇਟ, ਡਿਪਟੀ ਕਮਿਸ਼ਨਰ ਅਤੇ ਬਾਵਲ (ਮੰਤਰੀ) ਦੇ ਅਹੁਦੇ 'ਤੇ ਵੀ ਰਹੇ। ਉਹ ਜਿਸ ਵੀ ਕੰਮ ਤੇ ਲੱਗੇ, ਉਸ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਉਹਨਾਂ ਨੇ 1903 ਵਿੱਚ ਖ਼ਾਲਸਾ ਕਾਲਜ ਦਾ ਪੱਕਾ ਪ੍ਰਬੰਧ ਕਰਨ ਲਈ 21 ਲੱਖ ਰੁਪਏ ਫੰਡ ਇਕੱਤਰ ਕੀਤਾ। ਮਿਸਟਰ ਮੈਕਾਲਿਫ਼ ਵਰਗੇ ਅੰਗਰੇਜ਼ ਨੂੰ ਉਹਨਾਂ ਨੇ ਬੜੀ ਮਿਹਨਤ ਨਾਲ ਸਿੱਖ ਧਰਮ ਤੇ ਸਿੱਖ ਇਤਿਹਾਸ ਪੜ੍ਹਾਇਆ ਤੇ ਉਹਨਾਂ ਤੋਂ 'ਸਿੱਖ ਰਿਲੀਜ਼ਨ' (ਸਿੱਖ ਧਰਮ) ਪੁਸਤਕ ਲਿਖਵਾਈ। ਪੱਖੋਵਾਲ ਦੇ ਮੁਕੱਦਮੇ ਦੀ ਪੈਰਵੀ ਲਈ 1907, 1908 ਤੇ 1910 ਵਿੱਚ ਉਹ ਲੰਡਨ ਗਏ। ਵਲਾਇਤ ਦੀਆਂ ਇਹਨਾਂ ਫੇਰੀਆਂ ਦੌਰਾਨ ਉਹਨਾਂ ਦੋ ਕੰਮਾਂ ਤੇ ਜਿੱਤ ਪ੍ਰਾਪਤ ਕੀਤੀ। ਪਹਿਲਾ ਰਿਆਸਤ ਨਾਭਾ ਦੀ ਅਪੀਲ



ਦਾ ਫੈਸਲਾ ਸੀ ਤੇ ਦੂਜਾ ਮੈਕਾਲਿਫ਼ ਦੀ 'ਸਿੱਖ ਧਰਮ' ਨਾਮੀ ਪੁਸਤਕ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਵੱਲੋਂ ਛਪ ਕੇ ਛੇ ਜਿਲਦਾਂ ਵਿੱਚ ਪ੍ਰਕਾਸ਼ਿਤ ਹੋਣਾ ਸੀ।

25 ਦਸੰਬਰ 1911 ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ। ਰਿਆਸਤ ਨਾਭਾ ਦੀ ਨੌਕਰੀ ਖ਼ਤਮ ਹੋਣ ਉਪਰੰਤ 1912 ਵਿੱਚ ਭਾਈ ਸਾਹਿਬ ਨੇ ਕਸ਼ਮੀਰ ਜਾ ਕੇ ਸਿੱਖ ਸਾਹਿਤ ਦੇ ਆਧਾਰ 'ਤੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਲਿਖਣਾ ਸ਼ੁਰੂ ਕੀਤਾ ਜੋ 14 ਸਾਲ ਦੀ ਸਖ਼ਤ ਘਾਲਣਾ ਤੋਂ ਬਾਅਦ 1926 ਵਿੱਚ ਪੂਰਾ ਹੋਇਆ ਅਤੇ 1930 ਵਿੱਚ ਦਰਬਾਰ ਪਟਿਆਲਾ ਵੱਲੋਂ ਛਪ ਕੇ ਪ੍ਰਕਾਸ਼ਿਤ ਹੋਇਆ। ਇਸ ਦੀ ਛਪਾਈ ਉੱਤੇ ਉਸ ਸਮੇਂ ਸਰਕਾਰ ਦੇ 51,000 ਰੁਪਏ ਖ਼ਰਚ ਆਏ ਸਨ। ਇਹ ਗ੍ਰੰਥ 3338 ਪੰਨਿਆਂ ਦੀਆਂ ਵੱਡੀਆਂ-ਵੱਡੀਆਂ ਚਾਰ ਜਿਲਦਾਂ ਵਿੱਚ ਛਪਿਆ। ਇਸ ਦਾ ਮੁੱਲ ਉਸ ਸਮੇਂ 110 ਰੁਪਏ ਸੀ ਜਿਸ ਕਰਕੇ ਆਮ ਗਾਹਕਾਂ ਲਈ ਇਸ ਨੂੰ ਖਰੀਦਣਾ ਮੁਸ਼ਕਲ ਸੀ। ਇਹ ਮੁਸ਼ਕਲ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੇ ਨਵੇਂ ਢੰਗ ਨਾਲ ਇਸ ਦੀ ਛਪਾਈ ਕਰਕੇ ਹੱਲ ਕਰ ਦਿੱਤੀ। ਅੱਜ ਕੱਲ੍ਹ ਇਹ ਨੈਸ਼ਨਲ ਬੁੱਕ ਸ਼ਾਪ ਦਿੱਲੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਵਿਖੇ ਸਥਾਪਿਤ ਲਾਇਬਰੇਰੀ ਦਾ ਨਾਂ ਵੀ 'ਭਾਈ ਕਾਨ੍ਹ ਸਿੰਘ ਨਾਭਾ' ਨੂੰ ਸਮਰਪਿਤ ਹੈ। ਯੂਨੀਵਰਸਿਟੀ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ-ਦਿਨ ਹਰ ਸਾਲ 'ਕਿਤਾਬ ਦਿਵਸ' ਵਜੋਂ ਮਨਾਇਆ ਜਾਂਦਾ ਹੈ।

ਭਾਈ ਸਾਹਿਬ ਉੱਚੇ ਸੋਹਣੇ, ਸੁਨੱਖੇ ਤੇ ਤੰਦਰੁਸਤ ਵਿਅਕਤੀ ਸਨ। ਉਹ ਬੋਲਦੇ ਬੜਾ ਘੱਟ ਸਨ। ਉਹ ਜੋ ਗੱਲ ਕਰਦੇ, ਬੜੀ ਸੋਚ ਸਮਝ ਕੇ ਤੇ ਥੋੜ੍ਹੇ ਸ਼ਬਦਾਂ ਵਿੱਚ ਕਰਦੇ ਸਨ। ਉਹਨਾਂ ਦੇ ਸੁਭਾਅ ਵਿੱਚ ਮਿਠਾਸ ਸੀ। ਉਹਨਾਂ ਦੀ ਲਿਖਤ ਬੜੀ ਸਾਫ਼ ਤੇ ਸ਼ੁੱਧ ਹੁੰਦੀ ਸੀ। ਸੰਗੀਤ ਦੇ ਚੰਗੇ ਪਾਰਦਰਸ਼ੀ ਵਿਦਵਾਨ ਹੋਣ ਕਰਕੇ ਉਹ ਕਈ ਵੱਡੇ-ਵੱਡੇ ਸੰਗੀਤ ਦਰਬਾਰਾਂ ਦੇ ਪ੍ਰਧਾਨ ਵੀ ਰਹੇ। ਮਹਾਰਾਜਾ ਨਾਭਾ ਨੇ ਉਹਨਾਂ ਦਾ ਉਪਨਾਮ 'ਨੀਤੀ' ਰੱਖਿਆ ਹੋਇਆ ਸੀ। ਭਾਈ ਸਾਹਿਬ ਦੀ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਹੈ। ਉਹਨਾਂ ਨੇ ਰਾਜ ਧਰਮ ਨਾਟਕ, ਭਾਵਾਰਥ ਦੀਪਿਕਾ ਟੀਕਾ, ਹਮ ਹਿੰਦੂ ਨਹੀਂ, ਗੁਰਮਤਿ ਸੁਧਾਕਰ, ਸਮੱਸਿਆ ਪੂਰਤੀ, ਗੁਰਮਤਿ ਮਾਰਤੰਡ, ਗੁਰ ਮਹਿਮਾ ਸੰਗ੍ਰਹਿ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼, ਗੁਰਮਤਿ ਪ੍ਰਭਾਕਰ, ਠੱਠ ਲੀਲਾ, ਬਾਗੜੀਆਂ ਦਾ ਇਤਿਹਾਸ, ਹਨੂੰਮਾਨ ਨਾਟਕ, ਮਹਾਨ ਕੋਸ਼, ਗੁਰੂ ਗਿਰਾ ਕਸੌਟੀ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਖੇਧ, ਇੱਕ ਜੋਤਿਸ਼ ਗ੍ਰੰਥ ਆਦਿ ਪੁਸਤਕਾਂ ਲਿਖ ਕੇ ਆਉਣ ਵਾਲੀਆਂ ਨਸਲਾਂ ਨੂੰ ਭੇਟ ਕੀਤੀਆਂ।

ਭਾਈ ਸਾਹਿਬ ਦਾ ਸਭ ਤੋਂ ਮਹੱਤਵਪੂਰਨ ਗ੍ਰੰਥ 'ਮਹਾਨ ਕੋਸ਼' ਹੈ। ਇਸ ਦਾ ਅਸਲ ਨਾਂ 'ਗੁਰ ਸ਼ਬਦ ਰਤਨਾਕਰ' ਜਾਂ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ 3 ਅਪ੍ਰੈਲ 1931 ਨੂੰ ਅੰਮ੍ਰਿਤਸਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਉਹ ਵਿੱਦਿਅਕ ਸੇਵਾ ਦੇ ਨਾਲ-ਨਾਲ ਪੰਥਕ ਸੇਵਾ ਵੀ ਕਰਦੇ ਰਹੇ ਜੋ ਗੁਰਦੁਆਰਿਆਂ ਦੀ ਇਤਿਹਾਸਕ ਖੋਜ ਨਾਲ ਸੰਬੰਧਿਤ ਸੀ। ਸੰਨ 1931 ਵਿੱਚ ਜਦੋਂ ਅੰਗਰੇਜ਼ਾਂ ਨੇ ਰਾਜਧਾਨੀ ਕਲਕੱਤਾ ਤੋਂ ਦਿੱਲੀ ਬਦਲੀ ਤਾਂ ਉਸ ਤੋਂ ਕਾਫ਼ੀ ਸਾਲ ਪਹਿਲਾਂ ਸੰਨ 1912 ਵਿੱਚ ਗੁਰਦੁਆਰਾ ਰਕਾਬਗੰਜ ਦੇ ਸਾਹਮਣੇ ਵਾਇਸਰਾਏ ਦੀ ਕੋਠੀ ਬਣਾਉਣ ਦਾ ਫੈਸਲਾ ਹੋਇਆ ਜਿਸ ਕਰਕੇ ਗੁਰਦੁਆਰੇ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਗਿਆ, ਜੋ ਕੋਠੀ ਦੇ ਘੇਰੇ ਵਿੱਚ ਫ਼ਰਕ ਪਾਉਂਦਾ ਸੀ। ਅੰਗਰੇਜ਼ਾਂ ਦੇ ਇਸ ਧੱਕੇ ਨਾਲ ਸਿੱਖਾਂ ਵਿੱਚ ਰੋਹ ਪੈਦਾ ਹੋ ਗਿਆ ਤੇ ਐਜੀਟੇਸ਼ਨ ਸ਼ੁਰ ਹੋਈ। ਸੰਨ 1914 ਵਿੱਚ ਪਹਿਲਾ ਮਹਾਂਯੁੱਧ ਸ਼ੁਰੂ ਹੋ ਗਿਆ, ਜਿਸ ਕਰਕੇ ਕੋਠੀ ਦਾ ਕੰਮ ਰੁਕ ਗਿਆ ਅਤੇ ਉਹ ਮਾਮਲਾ ਕੁਝ ਚਿਰ ਠੰਡਾ ਹੋ ਗਿਆ। ਸੰਨ 1918 ਵਿੱਚ ਜਦੋਂ ਸਿੱਖਾਂ ਵੱਲੋਂ ਕੰਧ ਦੀ ਉਸਾਰੀ ਰੋਕਣ ਲਈ ਜਥਾ ਭੇਜਣ ਦਾ ਫੈਸਲਾ ਹੋਇਆ ਤਾਂ ਭਾਈ ਕਾਨ੍ਹ ਸਿੰਘ ਨਾਭਾ ਤੇ ਹੋਰ ਸਨੇਹੀਆਂ ਦੀ ਪ੍ਰੇਰਨਾ ਸਦਕਾ ਮਹਾਰਾਜਾ ਰਿਪੁਦਮਨ ਸਿੰਘ ਨੇ ਸਰਕਾਰ ਤੋਂ ਕੰਧ ਬਣਵਾ ਦਿੱਤੀ ਜਿਸ ਕਰਕੇ ਮਾਮਲਾ ਇੱਥੇ ਹੀ ਠੱਪ ਹੋ ਗਿਆ। 1930 ਵਿੱਚ ਗੁਰਦੁਆਰਾ ਮਾਲ ਟੇਕੜੀ ਨਾਂਦੇੜ (ਦੱਖਣ) ਦਾ ਝਗੜਾ ਵੀ ਭਾਈ ਕਾਨ੍ਹ ਸਿੰਘ ਜੀ ਦੇ ਜੀਵਨ ਵਿੱਚ ਬੜੀ ਅਹਿਮੀਅਤ ਰੱਖਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਲ ਟੇਕੜੀ ਦੇ ਸਥਾਨ ਤੇ ਖ਼ਜ਼ਾਨੇ ਦੱਬੇ ਸਨ। ਕੁਝ ਲੋਕ ਇਸ ਥਾਂ ਤੇ ਇਹ ਕਹਿ ਕੇ ਕਬਜ਼ਾ ਜਮਾਉਣ ਲੱਗੇ ਕਿ ਇਹ ਉਹਨਾਂ ਦਾ ਕਦੀਮੀ ਕਬਰਸਤਾਨ ਹੈ। ਸਿੱਖਾਂ ਨੇ ਇਸ ਬੇਇਨਸਾਫ਼ੀ ਵਿਰੁੱਧ ਸਰਕਾਰੀ ਤੌਰ ਤੇ ਚਾਰਾਜੋਈ ਕੀਤੀ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਭਾਈ ਕਾਨ੍ਹ ਸਿੰਘ ਜੀ ਬਤੌਰ ਗਵਾਹ ਭੇਜੇ ਗਏ। ਆਪ ਨੇ ਇਤਿਹਾਸਕ ਹਵਾਲੇ ਤੇ ਸ਼੍ਰੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਸਮੇਂ ਲਿਖੀ ਡਾਇਰੀ ਦੇ ਆਧਾਰ 'ਤੇ ਇਹ ਸਾਬਤ ਕੀਤਾ ਕਿ ਇਹ ਸਥਾਨ ਸਿੱਖਾਂ ਦਾ ਹੈ। ਇਸੇ ਬਿਆਨ ਤੇ ਕੇਸ ਦਾ ਫੈਸਲਾ ਸਿੱਖਾਂ ਦੇ ਹੱਕ ਵਿੱਚ ਹੋ ਗਿਆ।

ਉਹ ਚੌਥੀ ਵਾਰ ਸੰਨ 1923 ਵਿੱਚ ਅਫਗਾਨਿਸਤਾਨ ਗਏ। ਇਸ ਯਾਤਰਾ ਦੌਰਾਨ ਕਾਬਲ ਤੇ ਅਫਗਾਨਿਸਤਾਨ ਦੇ ਸਾਰੇ ਗੁਰਦੁਆਰਿਆਂ ਦੀ ਯਾਤਰਾ ਕੀਤੀ। ਗੁਰਦੁਆਰਿਆਂ ਤੋਂ ਬਿਨਾਂ ਬਾਬਰ ਦੀ ਕਬਰ, ਕਾਬਲ ਦਾ ਹਸਪਤਾਲ, ਮੁਰਗੀਖ਼ਾਨਾ, ਦਾਰੁਲ ਅਮਾਨ ਯੂਨੀਵਰਸਿਟੀ, ਪਗਮਾਨ ਖ਼ਵਾਜਾਸ਼ਾਹ ਪਹਾੜ, ਤਪਤ ਤਾਜਦਾਰ, ਗੁਲਬਾਗ ਆਦਿ ਪ੍ਰਸਿੱਧ ਸਥਾਨ ਦੇਖੇ।

ਭਾਈ ਕਾਨ੍ਹ ਸਿੰਘ ਨੇ ਧਾਰਮਿਕ, ਭਾਈਚਾਰਕ, ਸਾਹਿਤਿਕ, ਅਤੇ ਵਿੱਦਿਅਕ ਖੇਤਰ ਵਿੱਚ ਜੋ ਸੇਵਾ ਕੀਤੀ ਸੀ। ਉਹ ਸ਼ਲਾਘਾਯੋਗ ਸੀ। ਉਹ ਉੱਘੇ ਖੋਜੀ, ਵਿਦਵਾਨ ਤੇ ਲਿਖਾਰੀ ਸਨ। 1930 ਤੋਂ 1938 ਤੱਕ ਲਗਾਤਾਰ ਅੱਠ ਸਾਲ ਉਹਨਾਂ ਨੇ ਪੁਸਤਕਾਂ ਦੀ ਸੋਧ-ਸੁਧਾਈ ਤੇ ਘਰੇਲੂ ਜੀਵਨ ਵੱਲ ਵਧੇਰੇ ਧਿਆਨ ਦਿੱਤਾ। 27 ਨਵੰਬਰ 1936 ਨੂੰ ਉਹਨਾਂ ਦੇ ਛੋਟੇ ਭਰਾ ਬਿਸ਼ਨ ਸਿੰਘ ਦਾ ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਦਿਹਾਂਤ ਹੋ ਗਿਆ। ਇਸ ਤੋਂ 7 ਕੁ ਮਹੀਨੇ ਬਾਅਦ ਦੂਜਾ ਭਰਾ ਭਾਈ ਮੀਹਾਂ ਸਿੰਘ 17 ਜੂਨ 1937 ਨੂੰ ਵਿਛੋੜਾ ਦੇ ਗਿਆ। ਭਾਈ ਸਾਹਿਬ ਬੜੇ ਧੀਰਜਵਾਨ ਸਨ, ਉਹਨਾਂ ਇਹ ਦੁੱਖ ਆਪਣੇ ਚਿਹਰੇ ਤੋਂ ਕਦੇ ਪ੍ਰਗਟ ਨਾ ਹੋਣ ਦਿੱਤਾ। ਪ੍ਰਸਿੱਧ ਵਿਦਵਾਨ ਤੇ ਖੋਜੀ ਲੇਖਕ ਭਾਈ ਕਾਨ੍ਹ ਸਿੰਘ ਨਾਭਾ 77 ਸਾਲ ਦੀ ਉਮਰ ਭੋਗ ਕੇ 23 ਨਵੰਬਰ 1938 ਈ: ਨੂੰ ਬਿਨਾਂ ਕਿਸੇ ਬਿਮਾਰੀ ਦੇ ਨਾਭਾ ਵਿਖੇ ਸਦੀਵੀ ਵਿਛੋੜਾ ਦੇ ਗਏ।

ਕਰਨੈਲ ਸਿੰਘ
ਐੱਮ.ਏ.ਲੁਧਿਆਣਾ
#1138/63–ਏ, ਗੁਰੂ ਤੇਗ ਬਹਾਦਰ ਨਗਰ,
ਗਲੀ ਨੰਬਰ–1, ਚੰਡੀਗੜ੍ਹ ਰੋਡ,
ਜਮਾਲਪੁਰ, ਲੁਧਿਆਣਾ।
Emial-karnialiSnghma@gmial.com

ਗੁਰੂ ਗੋਬਿੰਦ ਸਿੰਘ ਸਾਹਿਬ ਦੇ ੩੫੦ ਸਾਲਾਂ ਗੁਰਿਆਈ ਦਿਵਸ ਤੇ ਵਿਸ਼ੇਸ਼

ਪਿਤਾ ਹਮਾਰੋ ਗੁਰੂ ਗੋਬਿੰਦ ਸਿੰਘ

ਡਾ. ਸਤਿੰਦਰ ਪਾਲ ਸਿੰਘ

ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ ੩੫੦ ਸਾਲ ਪੂਰੇ ਹੋ ਰਹੇ ਹਨ , ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਤਾ ਗੱਦੀ ਤੇ ਆਸੀਨ ਹੋਣ ਦੇ ਵੀ ੩੫੦ ਸਾਲ ਹੋ ਜਾਣਗੇ । ਇਨ੍ਹਾਂ ੩੫੦ ਸਾਲਾਂ ਵਿੱਚ ਬਹੁਤ ਕੁੱਝ ਵਾਪਰਿਆ , ਸ਼ਾਨ - ਮਾਨ ਭਰੇ ਇਤਿਹਾਸ ਰਚੇ ਗਏ ਤੇ ਬਹੁਤ ਕੁੱਝ ਬਦਲ ਵੀ ਗਿਆ ਹੈ। ਖਾਸ ਤੌਰ ਤੇ ਪਿਛਲੇ ਸੌ ਸਾਲ ਆਸ ਦੇ ਘੱਟ ਨਿਰਾਸ਼ ਕਰਨ ਵਾਲੇ ਜਿਆਦਾ ਰਹੇ ਹਨ। ਸਮਾਂ ਔਖਾ ਜਿਹਾ ਆ ਗਿਆ ਹੈ। ਮੁਸ਼ਕਿਲ ਹੋਵੇ ਤਾਂ ਮਾਪੇ ਯਾਦ ਆਉਂਦੇ ਹਨ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਵਾਰ ਵਾਰ ਚੇਤੇ ਆ ਰਹੇ ਹਨ ਜਿਨ੍ਹਾਂ ਇੱਕ ਇੱਕ ਸਿੱਖ ਨੂੰ ਖਾਲਸਾਈ ਜਾਹੋ ਜਲਾਲ ਵਿਰਾਸਤ ਵਜੋਂ ਬਖਸ਼ ਕੇ ਸਦਾ ਲਈ ਸਵੈਮਾਣ ਨਾਲ ਭਰ ਦਿੱਤਾ ਸੀ। ਸੰਸਾਰ ਦਾ ਕੋਈ ਪਿਤਾ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ " ਜੀਵਤ ਕਈ ਹਜਾਰ " ਪੁੱਤਰਾਂ ਨੂੰ ਅਜਿਹੀ ਵਿਰਾਸਤ ਪ੍ਰਦਾਨ ਕੀਤੀ ਹੋਵੇ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ੀ।

ਪਿਤਾ ਮੇਰੋ ਬਡੋ ਧਨੀ ਅਗਮਾ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ ੫੦੭)

